ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਪ੍ਰਗਤੀਸ਼ੀਲ ਨੀਤੀਗਤ ਫੈਲਲਿਆਂ ਅਤੇ ਕਾਰੋਬਾਰ ਕਰਨ 'ਚ ਆਸਾਨੀ ਲਈ ਚੁੱਕੇ ਗਏ ਸੁਧਾਰਾਤਮਕ ਕਦਮਾਂ ਨੇ ਸੂਬੇ ਨੂੰ ਨਿਵੇਸ਼ਕਾਂ ਲਈ ਸਭ ਤੋਂ ਵਧੀਆ ਪਸੰਦੀਦਾ ਸਥਾਨ ਬਣਾ ਦਿੱਤਾ ਹੈ। ਇਹ ਉਦਯੋਗ-ਪੱਖੀ ਨੀਤੀਆਂ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜੋ ਉਦਯੋਗ-ਪੱਖੀ ਮਾਹੌਲ ਨੂੰ ਵੱਧ ਤੋਂ ਵੱਧ ਸਾਜ਼ਗਾਰ ਬਣਾਉਣ ਵੱਲ ਕੇਂਦਰਿਤ ਹਨ।

ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਅਤੇ ਰਾਜ ਸਭਾ ਮੈਂਬਰ ਪਦਮ ਸ੍ਰੀ ਰਾਜਿੰਦਰ ਗੁਪਤਾ ਨੇ ਕਿਹਾ ਕਿ ਅਸੀਂ ਵਧਦੀ ਘਰੇਲੂ ਅਤੇ ਨਿਰਯਾਤ ਦੀ ਮੰਗ ਨੂੰ ਪੂਰਾ ਕਰਨ ਲਈ ਧਾਗੇ ਦੇ ਕਾਰੋਬਾਰ ਦਾ ਵਿਸਥਾਰ ਕਰਨ ਦੇ ਨਾਲ-ਨਾਲ ਆਪਣੀਆਂ ਮੌਜੂਦਾ ਟੈਕਸਟਾਈਲ ਸਮਰੱਥਾਵਾਂ ਨੂੰ ਵਧਾਉਣ ਜਾ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਇਸ ਤੋਂ ਇਲਾਵਾ ਵਾਤਾਵਰਨ-ਅਨੁਕੂਲ ਅਤੇ ਕੁਸ਼ਲ ਉਤਪਾਦਨ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਣ ਲਈ ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਦੀ ਅਪਗ੍ਰੇਡੇਸ਼ਨ ਰਾਹੀਂ ਕਾਗਜ਼ ਨਿਰਮਾਣ ਉਦਯੋਗ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਸੀਂ ਟੈਰੀ ਟਾਵਲਜ਼ ਵਿੱਚ ਇੱਕ ਮੋਹਰੀ ਨਿਰਯਾਤਕ ਅਤੇ ਨਿਰਮਾਤਾ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਉਤਪਾਦਨ ਨੂੰ ਵੀ ਵਧਾ ਰਹੇ ਹਾਂ ਅਤੇ ਇਸਦੇ ਨਾਲ ਹੀ ਸਥਾਨਕ ਨੌਜਵਾਨਾਂ ਅਤੇ ਕਰਮਚਾਰੀਆਂ ਦਰਮਿਆਨ ਹੁਨਰ ਵਿਕਾਸ ਅਤੇ ਤਕਨੀਕੀ ਮੁਹਾਰਤ ਨੂੰ ਵਧਾਉਣ ਲਈ ਇੱਕ ਸਮਰਪਿਤ ਸਮਰੱਥਾ ਨਿਰਮਾਣ ਕੇਂਦਰ ਸਥਾਪਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਵਪਾਰਕ ਕਾਰਜਾਂ ਨੂੰ ਸੁਵਿਧਾਜਨਕ ਬਣਾਉਣ ਅਤੇ ਹੁਨਰ ਨੂੰ ਆਕਰਸ਼ਿਤ ਕਰਨ ਲਈ ਮੋਹਾਲੀ ਵਿੱਚ ਇੱਕ ਅਤਿ-ਆਧੁਨਿਕ ਕਾਰਪੋਰੇਟ ਦਫ਼ਤਰ ਸਥਾਪਤ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਟ੍ਰਾਈਡੈਂਟ ਗਰੁੱਪ ਦੇ ਨਿਰਮਾਣ ਕੇਂਦਰ ਪੰਜਾਬ ਦੇ ਬਰਨਾਲਾ ਜ਼ਿਲ੍ਹੇ ਵਿੱਚ ਸੰਘੇੜਾ ਅਤੇ ਧੌਲਾ ਅਤੇ ਮੱਧ ਪ੍ਰਦੇਸ਼ ਦੇ ਬੁਧਨੀ ਜ਼ਿਲ੍ਹੇ ਵਿੱਚ ਸਿਹੋਰ ਵਿੱਚ ਸਥਾਪਤ ਹਨ। ਇਸ ਗਰੁੱਪ ਦੇ ਕਾਰੋਬਾਰ ਵਿੱਚ 10 ਹਜ਼ਾਰ ਪਰਿਵਾਰ ਸਿੱਧੇ ਤੌਰ 'ਤੇ ਕੰਮ ਕਰ ਰਹੇ ਹਨ ਅਤੇ ਅਸਿੱਧੇ ਤਰੀਕੇ ਨਾਲ ਇਹ ਗਰੁੱਪ 30 ਹਜ਼ਾਰ ਪਰਿਵਾਰਾਂ ਦਾ ਸਮਰਥਨ ਕਰ ਰਿਹਾ ਹੈ।

# ਵਿਜੀਲੈਂਸ ਬਿਊਰੋ ਨੇ ਅਕਤੂਬਰ ਮਹੀਨੇ ਦੌਰਾਨ ਰਿਸ਼ਵਤਖ਼ੋਰੀ ਦੇ 4 ਮਾਮਲਿਆਂ ਵਿੱਚ 5 ਵਿਅਕਤੀਆਂ ਨੂੰ ਕੀਤਾ ਗ੍ਰਿਫ਼ਤਾਰ

**ਚੰਡੀਗੜ੍ਹ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਤਹਿਤ ਅਕਤੂਬਰ ਮਹੀਨੇ ਦੌਰਾਨ 4 ਵੱਖ-ਵੱਖ ਕੇਸਾਂ ਵਿੱਚ 3 ਕਰਮਚਾਰੀਆਂ ਅਤੇ 2 ਪ੍ਰਾਈਵੇਟ ਵਿਅਕਤੀਆਂ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਵਿਜੀਲੈਂਸ ਬਿਊਰੋ ਨੇ ਉਕਤ ਸਮੇਂ ਦੌਰਾਨ ਸਰਕਾਰੀ ਕਰਮਚਾਰੀਆਂ ਦੇ ਨਾਲ-ਨਾਲ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਲਈ ਪੁਰਜ਼ੋਰ ਯਤਨ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਬਿਊਰੋ ਨੇ ਪਿਛਲੇ ਮਹੀਨੇ ਵੱਖ-ਵੱਖ ਸਮਰੱਥ ਅਦਾਲਤਾਂ ਵਿੱਚ 13 ਵਿਜੀਲੈਂਸ ਕੇਸਾਂ ਨਾਲ ਸਬੰਧਤ ਚਲਾਨ ਪੇਸ਼ ਕੀਤੇ ਸਨ। ਇਸ ਤੋਂ ਇਲਾਵਾ ਸਰਕਾਰੀ ਕਰਮਚਾਰੀਆਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਇੱਕ ਵਿਜੀਲੈਂਸ ਇੰਕੁਆਇਰੀ ਵੀ ਦਰਜ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ 4 ਮੁਲਜ਼ਮਾਂ ਵਿਰੁੱਧ 3 ਅਪਰਾਧਿਕ ਮੁਕੱਦਮੇ ਦਰਜ ਕੀਤੇ ਗਏ ਹਨ ਅਤੇ ਦੋ ਸਰਕਾਰੀ ਕਰਮਚਾਰੀਆਂ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ 2 ਮਾਮਲੇ ਵੀ ਦਰਜ ਕੀਤੇ ਗਏ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਬੁਲਾਰੇ ਨੇ ਅੱਗੇ ਕਿਹਾ ਕਿ ਸਮਰੱਥ ਅਦਾਲਤ ਨੇ ਪਿਛਲੇ ਮਹੀਨੇ ਵਿਜੀਲੈਂਸ ਬਿਊਰੋ ਵੱਲੋਂ ਦਾਇਰ ਅਤੇ ਚੁਣੌਤੀ ਦਿੱਤੇ ਰਿਸ਼ਵਤਖੋਰੀ ਦੇ ਇੱਕ ਕੇਸ ਦਾ ਫੈਸਲਾ ਸੁਣਾਇਆ ਸੀ, ਜਿਸ ਵਿੱਚ ਇੱਕ ਵਿਅਕਤੀ ਨੂੰ ਦੋਸ਼ੀ ਠਹਿਰਾਉਂਦਿਆਂ ਉਸਨੂੰ 4 ਸਾਲ ਦੀ ਕੈਦ ਸਮੇਤ 25,000 ਰੁਪਏ ਦਾ ਜੁਰਮਾਨਾ ਕੀਤਾ ਗਿਆ ਸੀ ।

# 25,000 ਰੁਪਏ ਰਿਸ਼ਵਤ ਲੈਂਦੇ ਪਟਵਾਰੀ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਗ੍ਰਿਫ਼ਤਾਰ



**ਚੰਡੀਗੜ੍ਹ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਵਿਜੀਲੈਂਸ ਵਿਭਾਗ ਦੀ ਸ਼ਾਖਾ ਤਰਨਤਾਰਨ ਵੱਲੋਂ ਪਟਵਾਰੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਨੂੰ ਰਿਸ਼ਵਤ ਲੈਣ ਦੇ ਕਥਿਤ ਦੋਸ਼ਾਂ ਹੇਠ ਰੰਗੇ ਹੱਥੀ ਗ੍ਰਿਫਤਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਸੰਬੰਧੀ ਥਾਣਾ ਵਿਜੀਲੈਂਸ ਵਿਖੇ ਪਰਚਾ ਦਰਜ ਕਰਦੇ ਹੋਏ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਸ਼ਾਖਾ ਤਰਨਤਰਨ ਦੇ ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਜਰਨੈਲ ਸਿੰਘ, ਪੁੱਤਰ ਕਾਹਨ ਸਿੰਘ ਨਿਵਾਸੀ ਅੰਮ੍ਰਿਤਸਰ ਵਲੋਂ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਉਸਦੀ ਪਿੰਡ ਬਾਲੇਚੱਕ ਜ਼ਿਲ੍ਹਾ ਤਰਨਤਾਰਨ ਵਿਖੇ 7 ਕਨਾਲ 4 ਮਰਲੇ ਦੇ ਕਰੀਬ ਖੇਤੀ ਯੋਗ ਜ਼ਮੀਨ ਹੈ। ਜਿਸ ਦਾ ਇੰਤਕਾਲ ਦਰੁਸਤ ਕਰਵਾਉਣ ਲਈ ਪਟਵਾਰੀ ਸਰਬਜੀਤ ਸਿੰਘ ਵਾਸੀ ਤਰਨਤਾਰਨ ਜੋ ਪਟਵਾਰੀ ਐਸੋਸੀਏਸ਼ਨ ਦਾ ਜਿਲ੍ਹਾ ਪ੍ਰਧਾਨ ਵੀ ਹੈ ਵੱਲੋਂ 1 ਲੱਖ ਰੁਪਏ ਰਿਸ਼ਵਤ ਮੰਗੀ ਗਈ ਹੈ। ਜਿਸ ਦੇ ਚਲਦਿਆਂ ਉਨ੍ਹਾਂ ਵੱਲੋਂ ਟ੍ਰੈਪ ਲਗਾਉਂਦੇ ਹੋਏ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

ਇੰਸਪੈਕਟਰ ਗੁਰਚਰਨ ਸਿੰਘ ਨੇ ਦੱਸਿਆ ਕਿ ਪਟਵਾਰੀ ਵੱਲੋਂ ਮੁਦਈ ਨਾਲ ਬਾਅਦ ਵਿੱਚ 30 ਹਜ਼ਾਰ ਰੁਪਏ ਵਿੱਚ ਸੌਦਾ ਤੈਅ ਹੋ ਗਿਆ। ਜਿਸ ਦੇ ਸੰਬੰਧ ਵਿੱਚ 5 ਹਜ਼ਾਰ ਰੁਪਏ ਐਡਵਾਂਸ ਦੇ ਦਿੱਤੇ ਗਏ। ਵੀਰਵਾਰ ਸਥਾਨਕ ਤਹਿਸੀਲ ਕੰਪਲੈਕਸ ਤਰਨਤਾਰਨ ਵਿਖੇ ਟ੍ਰੈਪ ਲਗਾਉਂਦੇ ਹੋਏ ਪਟਵਾਰੀ ਸਰਬਜੀਤ ਸਿੰਘ ਨੂੰ ਉਨ੍ਹਾਂ ਦੇ ਸਰਕਾਰੀ ਕੈਬਿਨ 'ਚੋਂ 25 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਗ੍ਰਿਫਤਾਰ ਕਰ ਲਿਆ ਗਿਆ। ਇਸ ਸਬੰਧੀ ਥਾਣਾ ਵਿਜਲੈਂਸ ਅੰਮ੍ਰਿਤਸਰ ਵਿਖੇ ਪਰਚਾ ਦਰਜ ਕਰਦੇ ਹੋਏ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪੰਥਕ ਏਕਤਾ ਸਿਰਫ ਸਿਧਾਂਤਾਂ ਦੇ ਆਧਾਰ ਉੱਪਰ ਹੋ ਸਕਦੀ ਹੈ, ਗੈਰ-ਸਿਧਾਂਤਕ ਨਹੀਂ। ਗਿਆਨੀ ਹਰਪ੍ਰੀਤ ਸਿੰਘ



**ਪਟਿਆਲਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਭਾਰਤੀ ਜਨਤਾ ਪਾਰਟੀ ਨਾਲ ਸਾਡੀ ਅਜੇ ਕੋਈ ਵੀ ਗੱਲਬਾਤ ਨਹੀਂ ਹੋ ਰਹੀ ਹੈ। ਇਸ ਦੇ ਨਾਲ ਹੀ ਪੰਥਕ ਏਕਤਾ ਸਿਰਫ ਸਿਧਾਂਤਾਂ ਦੇ ਆਧਾਰ ਉੱਪਰ ਹੋ ਸਕਦੀ ਹੈ, ਗੈਰ-ਸਿਧਾਂਤਕ ਨਹੀਂ। ਗਿਆਨੀ ਹਰਪ੍ਰੀਤ ਸਿੰਘ ਇਥੇ ਇਕ ਧਾਰਮਿਕ ਸਮਾਗਮ ਨੂੰ ਸੰਬੋਧਨ ਕਰਨ ਤੋਂ ਬਾਅਦ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਅਕਾਲੀ ਦਲ (ਪੁਨਰ ਸੁਰਜੀਤ) ਆਪਣਾ ਢਾਂਚਾ ਪੂਰੀ ਮਜ਼ਬੂਤੀ ਨਾਲ ਤਿਆਰ ਕਰ ਰਿਹਾ ਹੈ, ਜਿਸ ਤਹਿਤ ਪੰਜਾਬ ਦੇ ਸਮੁੱਚੇ ਜ਼ਿਲ੍ਹਿਆਂ ਦੇ ਨਵੇਂ ਪ੍ਰਧਾਨ ਬਹੁਤ ਜਲਦ ਥਾਪੇ ਜਾ ਰਹੇ ਹਨ।

ਉਨ੍ਹਾਂ ਆਖਿਆ ਕਿ ਤਰਨਤਾਰਨ ਉਪ-ਚੋਣ ਦਾ ਸਾਡੀ ਪਾਰਟੀ 'ਤੇ ਕੋਈ ਪ੍ਰਭਾਵ ਨਹੀਂ ਹੈ। ਸਰਕਾਰ ਧੱਕੇਸ਼ਾਹੀ ਕਰ ਕੇ ਚੋਣ ਜਿੱਤੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਅਕਾਲੀ ਦਲ (ਪੁਨਰ ਸੁਰਜੀਤ) ਪੂਰੀ ਮਜ਼ਬੂਤੀ ਨਾਲ ਲੜੇਗਾ ਅਤੇ ਜਿੱਤੇਗਾ।

# ਵਿੱਤ ਵਿਭਾਗ ਵੱਲੋਂ ਹੋਮਿਓਪੈਥਿਕ ਵਿਭਾਗ ਵਿੱਚ 115 ਅਸਾਮੀਆਂ ਦੀ ਭਰਤੀ ਨੂੰ ਪ੍ਰਵਾਨਗੀ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਵੱਖ-ਵੱਖ ਤਕਨੀਕੀ ਅਤੇ ਪ੍ਰਸ਼ਾਸਕੀ ਅਹੁਦਿਆਂ ਦੀ ਪੁਨਰ ਸੁਰਜੀਤੀ ਅਤੇ ਭਰਤੀ ਰਾਹੀਂ ਹੋਮਿਓਪੈਥਿਕ ਵਿਭਾਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਫੈਸਲੇ ਦਾ ਐਲਾਨ ਕਰਦਿਆਂ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਵਿੱਤ ਵਿਭਾਗ ਵੱਲੋਂ ਹੋਮਿਓਪੈਥਿਕ ਵਿਭਾਗ ਦੇ ਅੰਦਰ ਵੱਖ-ਵੱਖ ਕਾਡਰਾਂ ਵਿੱਚ ਕੁੱਲ 115 ਅਸਾਮੀਆਂ ਲਈ ਪੁਨਰ ਸੁਰਜੀਤੀ ਅਤੇ ਭਰਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਸੂਬੇ ਭਰ ਵਿੱਚ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਲਈ ਵਿਭਾਗ ਦੀ ਸਮਰੱਥਾ ਨੂੰ ਵਧਾਉਣ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ।

ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਸ ਬਾਰੇ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 115 ਅਸਾਮੀਆਂ ਲਈ ਭਰਤੀ ਵਿੱਚ ਹੋਮਿਓਪੈਥਿਕ ਮੈਡੀਕਲ ਅਫਸਰ (ਐਚਐਮਓ) ਦੀਆਂ 42 ਅਸਾਮੀਆਂ, ਡਿਸਪੈਂਸਰ (ਹੋਮਿਓਪੈਥਿਕ) ਦੀਆ 72 ਅਸਾਮੀਆਂ ਅਤੇ 1 ਕਲਰਕ ਦੀ ਅਸਾਮੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ 115 ਅਸਾਮੀਆਂ ਲਈ ਭਰਤੀ ਪ੍ਰਕਿਰਿਆ ਦੋ ਸਾਲਾਂ ਵਿੱਚ ਪੜਾਅਵਾਰ ਲਾਗੂ ਕੀਤੀ ਜਾਵੇਗੀ।



ਵਿੱਤ ਮੰਤਰੀ, ਜੋ ਕਿ ਮੁਲਾਜ਼ਮ ਮੁੱਦਿਆਂ ਦੇ ਹੱਲ ਲਈ ਬਣਾਈ ਗਈ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਹੋਮਿਓਪੈਥਿਕ ਮੈਡੀਕਲ ਅਫ਼ਸਰ ਐਸੋਸੀਏਸ਼ਨ ਨਾਲ ਮੀਟਿੰਗ ਦੌਰਾਨ ਇਸ ਮੁੱਦੇ 'ਤੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਹੋਮਿਓਪੈਥਿਕ ਵਿਭਾਗ ਨੇ ਆਪਣੀ ਕਾਰਜ-ਕੁਸ਼ਲਤਾ ਨੂੰ ਦਰਪੇਸ਼ ਵੱਖ-ਵੱਖ ਮੁੱਦਿਆਂ ਨੂੰ ਉਠਾਉਂਦਿਆਂ ਇਹ ਪੱਖ ਰੱਖਿਆ ਕਿ ਹੋਮਿਓਪੈਥਿਕ ਮੈਡੀਕਲ ਕਾਲਜ ਤੇ ਹਸਪਤਾਲ ਅਤੇ ਵੱਖ-ਵੱਖ ਡਿਸਪੈਂਸਰੀਆਂ ਨੂੰ 100 ਫੀਸਦ ਸਮਰੱਥਾ 'ਤੇ ਪ੍ਰਬੰਧਿਤ ਕਰਨ ਦੇ ਬਾਵਜੂਦ, ਵਿਭਾਗ ਵਿੱਚ ਪਿਛਲੇ ਸਮੇਂ ਦੌਰਾਨ ਸਿਰਫ਼ 22 ਰੈਗੂਲਰ ਅਸਾਮੀਆਂ ਹੀ ਭਰੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਵਿਭਾਗ ਦੀ ਬਿਹਤਰ ਕਾਰਜ-ਕੁਸ਼ਲਤਾ ਅਤੇ ਹੋਮਿਓਪੈਥਿਕ ਸੇਵਾਵਾਂ ਦੇ ਵਿਸਥਾਰ ਲਈ ਇਨ੍ਹਾਂ ਅਸਾਮੀਆਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਇਹ ਫੈਸਲਾ ਲਿਆ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਸਰਕਾਰ ਦੁਆਰਾ ਆਪਣੇ ਜਨਤਕ ਸਿਹਤ ਸੰਭਾਲ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇਣ ਦੀ ਦਿਸ਼ਾ ਵਿੱਚ ਇੱਕ ਫੈਸਲਾਕੁੰਨ ਕਦਮ ਹੈ।

# ਨਗਰ ਨਿਗਮ ਪਟਿਆਲਾ ਵੱਲੋਂ ਕਲੋਨੀਆਂ ਦੇ ਲੇ-ਆਊਟ ਇੰਦਰਾਜ਼ ਨੂੰ ਲੈ ਕੇ ਸਖ਼ਤ ਹਦਾਇਤਾਂ ਜਾਰੀ

**ਪਟਿਆਲਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਨਗਰ ਨਿਗਮ ਪਟਿਆਲਾ ਦੇ ਕਮਿਸ਼ਨਰ ਪਰਮਜੀਤ ਸਿੰਘ ਆਈ ਏ ਐਸ ਨੇ ਕੁਝ ਕਲੋਨਾਈਜਰ ਵਲੋਂ ਗ਼ਲਤ ਢੰਗ ਨਾਲ ਪਲਾਟ ਕੱਟ ਕੇ ਵੇਚਣ ਖਿਲਾਫ ਸਖ਼ਤ ਨਿਯਮ ਜਾਰੀ ਕਰਦੇ ਹੋਏ ਕਿਹਾ ਕਿ ਹੁਣ ਲੋਕਾਂ ਦੀ ਕੀਤੀ ਜਾਨ ਵਾਲੀ ਲੁੱਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਕ ਵਿਸ਼ੇਸ਼ ਗੱਲਬਾਤ ਦੌਰਾਨ ਕਮਿਸ਼ਨਰ ਪਰਮਜੀਤ ਨੇ ਦੱਸਿਆ ਕਿ ਉਨ੍ਹਾਂ ਬਿਲਡਿੰਗ ਸ਼ਾਖਾ ਅਤੇ ਟਾਊਨ ਪਲੈਨਿੰਗ ਸ਼ਾਖਾ ਨੂੰ ਇੱਕ ਮਹੱਤਵਪੂਰਨ ਪੱਤਰ ਜਾਰੀ ਕਰਦੇ ਹੋਏ ਲਿਖਿਆ ਹੈ ਕਿ ਨਵੀਆਂ ਕਲੋਨੀਆਂ ਦੇ ਲੇ-ਆਊਟ ਪਾਸ ਕਰਨ ਤੋਂ ਬਾਅਦ ਉਨ੍ਹਾਂ ਦਾ ਇੰਦਰਾਜ਼ ਮਾਲ ਵਿਭਾਗ ਵਿੱਚ ਦਰਜ਼ ਨਾ ਕਰਵਾਉਣਾ ਇੱਕ ਗਲਤ ਅਤੇ ਨਿਯਮਾਂ ਦੇ ਉਲਟ ਚੱਲ ਰਹੀ ਪ੍ਰਥਾ ਹੈ। ਕਮਿਸ਼ਨਰ ਨੇ ਸਪਸ਼ਟ ਤੌਰ 'ਤੇ ਦੱਸਿਆ ਕਿ ਨਗਰ ਨਿਗਮ ਵੱਲੋਂ ਪਾਸ ਕੀਤੇ ਹਰ ਲੇ-ਆਊਟ ਨੂੰ ਤੁਰੰਤ ਮਾਲ ਵਿਭਾਗ ਨੂੰ ਭੇਜਣਾ ਨਿਗਮ ਦਾ ਮੁੱਢਲਾ ਕੰਮ ਹੈ, ਤਾਂ ਜੋ ਸੜਕਾਂ, ਪਾਰਕਾਂ ਅਤੇ ਪਬਲਿਕ ਯੂਟੀਲਿਟੀ ਨਾਲ ਸੰਬੰਧਿਤ ਰਕਬੇ ਦਾ ਸਹੀ ਤੌਰ 'ਤੇ ਸਰਕਾਰੀ ਰਿਕਾਰਡ ਵਿੱਚ ਦਰਜ ਕੀਤਾ ਜਾ ਸਕੇ। ਕਮਿਸ਼ਨਰ ਨੇ ਚੇਤਾਵਨੀ ਦਿੱਤੀ ਕਿ ਲੇ-ਆਊਟ ਦਾ ਮਾਲ ਵਿਭਾਗ ਵਿੱਚ ਸਮੇਂ ਸਿਰ ਇੰਦਰਾਜ਼ ਨਾ ਹੋਣ ਕਾਰਨ ਆਮ ਪਬਲਿਕ ਨੂੰ ਧੋਖਾਧੜੀ ਦਾ ਖ਼ਤਰਾ ਬਣਦਾ ਹੈ ਅਤੇ ਇਸ ਨਾਲ ਪਲਾਨਿੰਗ ਤੇ ਸ਼ਹਿਰੀ ਵਿਕਾਸ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ। ਨਿਯਮਾਂ ਅਨੁਸਾਰ ਇਹ ਜ਼ਿੰਮੇਵਾਰੀ ਨਗਰ ਨਿਗਮ ਦੀ ਹੈ ਕਿ ਕਲੋਨੀ ਦੀ ਮਨਜ਼ੂਰੀ ਦੇ ਤੁਰੰਤ ਬਾਅਦ ਲੇ-ਆਊਟ ਸਰਕਾਰੀ ਰਿਕਾਰਡ ਵਿੱਚ ਦਰਜ ਕਰਾਇਆ ਜਾਵੇ, ਪਰ ਹਾਲੀਆ ਜਾਂਚ ਦੌਰਾਨ ਇਹ ਗੰਭੀਰ ਕਮੀਆਂ ਸਾਹਮਣੇ ਆਈਆਂ ਹਨ।



ਇਸ ਲਈ, ਕਮਿਸ਼ਨਰ ਵੱਲੋਂ ਬਿਲਡਿੰਗ ਸ਼ਾਖਾ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਮਿਤੀ 1 ਜਨਵਰੀ 2024 ਤੋਂ ਬਾਅਦ ਜਿੰਨੀਆਂ ਵੀ ਕਲੋਨੀਆਂ ਦੇ ਲੇ-ਆਊਟ ਪਾਸ ਕੀਤੇ ਗਏ ਹਨ, ਉਨ੍ਹਾਂ ਦੀ ਪ੍ਰਵਾਨਸ਼ੁਦਾ ਕਾਪੀ ਤੁਰੰਤ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਭੇਜ ਕੇ ਮਾਲ ਵਿਭਾਗ ਵਿੱਚ ਸੜਕਾਂ, ਪਾਰਕਾਂ ਅਤੇ ਪਬਲਿਕ ਯੂਟੀਲਿਟੀ ਵਾਲੀਆਂ ਥਾਵਾਂ ਦਾ ਇੰਦਰਾਜ਼ ਤੁਰੰਤ ਦਰਜ ਕਰਵਾਇਆ ਜਾਵੇ, ਤਾਂ ਜੋ ਪਲਾਨਿੰਗ ਰਿਕਾਰਡ ਅਤੇ ਮੈਦਾਨੀ ਹਕੀਕਤ ਵਿੱਚ ਕੋਈ ਫਰਕ ਨਾ ਰਹੇ।

ਕਮਿਸ਼ਨਰ ਨੇ ਹੁਕਮ ਦਿੱਤਾ ਹੈ ਕਿ ਇਹ ਪ੍ਰਕਿਰਿਆ ਇੱਕ ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕੀਤੀ ਜਾਵੇ ਅਤੇ ਪੂਰੀ ਰਿਪੋਰਟ ਨਗਰ ਨਿਗਮ ਨੂੰ ਭੇਜੀ ਜਾਵੇ।

# ਸ਼ਹੀਦੀ ਦਿਵਸ ਨੂੰ ਸਮਰਪਿਤ ਮਨੁੱਖੀ ਅਧਿਕਾਰ ਬਹਾਲੀ ਮਾਰਚ ਕੱਢਿਆ



**ਅੰਮ੍ਰਿਤਸਰ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤਹਿਤ ਸਿੱਖ ਸਦਭਾਵਨਾ ਦਲ/ਸ਼ੇਰ-ਏ-ਪੰਜਾਬ ਦਲ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350ਵੇਂ ਸਾਲ ਸ਼ਹੀਦੀ ਦਿਵਸ ਨੂੰ ਸਮਰਪਿਤ ਅਰਦਾਸ ਅਤੇ ਮਨੁੱਖੀ ਅਧਿਕਾਰ ਬਹਾਲੀ ਮਾਰਚ ਕੱਢਿਆ ਗਿਆ।

ਇਸ ਉਪਰੰਤ ਜਿੱਥੇ ਗੁ. ਗੁਰੂ ਕੇ ਮਹਿਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 350ਵੇਂ ਸਾਲ ਨੂੰ ਸਮਰਪਿਤ ਅਰਦਾਸ ਕੀਤੀ ਗਈ ਉੱਥੇ ਹੀ ਭਾਈ ਬਲਦੇਵ ਸਿੰਘ ਵਡਾਲਾ ਨੇ ਆਖਿਆ ਕਿ 328 ਲਾਪਤਾ ਪਾਵਨ ਸਰੂਪਾਂ ਬਾਬਤ ਹਾਈਕੋਰਟ ਤੋਂ ਹੋਏ ਆਦੇਸ਼ ਸਰਕਾਰ ਲਾਗੂ ਕਰੇ ਅਤੇ ਦੋਸ਼ੀ ਬਾਦਲਕਿਆਂ ਖਿਲਾਫ ਤੁਰੰਤ ਕਾਰਵਾਈ ਹੋਵੇ।

ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜਾਗਤ ਜੋਤ ਸਤਿਕਾਰ ਐਕਟ 'ਚ ਸੋਧ ਕਰ ਕੇ ਸਜਾਏ-ਮੌਤ ਕਾਨੂੰਨ ਬਣਾਵੇ ਇਸ ਦੇ ਨਾਲ ਹੀ ਲੰਮੀਆਂ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਨੂੰ ਸਰਕਾਰਾਂ ਤੁਰੰਤ ਰਿਹਾਅ ਕਰਨ, ਭਾਈ ਵਡਾਲਾ ਦੇ ਅੱਗੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਵਜੋਂ ਹਰ ਖੇਤਰ ਚ ਲਾਗੂ ਕੀਤਾ ਜਾਵੇ, ਗੁਰੂ ਕੀ ਨਗਰੀ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰੂ ਸਾਹਿਬਾਨ ਨਾਲ ਸਬੰਧਤ ਨਗਰਾਂ ਨੂੰ ਪਵਿੱਤਰ ਸ਼ਹਿਰ ਐਲਾਨ ਕੀਤਾ ਜਾਵੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਖਿਲਾਫ ਲਿਖੀਆਂ ਕਿਤਾਬਾਂ ਨਸ਼ਟ ਕਰ ਕੇ ਦੋਸ਼ੀਆਂ ਖਿਲਾਫ ਕਾਰਵਾਈ ਹੋਵੇ ਅਤੇ ਸਰਕਾਰਾਂ ਵੱਲੋਂ 1984 'ਚ ਹੋਏ ਕਤਲੇਆਮ ਨੂੰ ਸਿੱਖ ਕਤਲੇਆਮ ਘੋਸ਼ਿਤ ਵੀ ਕੀਤਾ ਜਾਵੇ, ਭਾਰਤ ਮਾਲਾ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਮਾਰਗ ਰੱਖਿਆ ਜਾਵੇ ਅਤੇ ਇਸ ਦੇ ਨਾਲ ਹੀ ਦਿੱਲੀ ਹਵਾਈ ਅੱਡੇ ਦਾ ਨਾਂ ਮਾਤਾ ਗੁਜਰ ਕੌਰ ਰੱਖਿਆ ਜਾਣਾ ਚਾਹੀਦਾ ਹੈ।

# ਟੈਕਸੀ ਯੂਨੀਅਨ ਵਿਖੇ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਆਯੋਜਿਤ

**ਪਟਿਆਲਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ਼ ਜੁਡੀਸ਼ਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਸਿੱਖਿਆ ਵਿਭਾਗ, ਜ਼ਿਲ੍ਹਾ ਸਾਂਝ ਕੇਂਦਰ, ਅਤੇ ਗੈਰ ਸਰਕਾਰੀ ਸੰਸਥਾਂ ਸੋਸ਼ਲ ਅਵੇਰਨੈਸ ਟ੍ਰੈਂਡਜ਼ ਹੁੱਕ (ਸਾਥ) ਪਟਿਆਲਾ ਸਹਿਯੋਗ ਨਾਲ ਇੱਕ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਪਟਿਆਲਾ ਟੈਕਸੀ ਯੂਨੀਅਨ ਸਹਮਣੇ ਜ਼ਿਲ੍ਹਾ ਕਚਹਿਰੀਆਂ ਮਾਲ ਰੋਡ ਵਿਖੇ ਆਯੋਜਿਤ ਕੀਤਾ ਗਿਆ।

ਸੈਮੀਨਾਰ ਵਿੱਚ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ, ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ, ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ, ਟੋਲ ਫ੍ਰੀ ਨੰਬਰ 15100 ਅਤੇ ਨੈਸ਼ਨਲ ਲੋਕ ਅਦਾਲਤ ਤੇ ਸਥਾਈ ਲੋਕ ਅਦਾਲਤ ਬਾਰੇ ਵੀ ਜਾਣਕਾਰੀ ਦਿੱਤੀ।

ਉਹਨਾਂ ਨੇ 13 ਦਸੰਬਰ ਨੂੰ ਜ਼ਿਲ੍ਹਾ ਕਚਹਿਰੀਆਂ ਪਟਿਆਲਾ ਅਤੇ ਨਾਭਾ, ਰਾਜਪੁਰਾ ਤੇ ਸਮਾਨਾ ਸਬ ਡਵੀਜ਼ਨ ਵਿੱਚ ਲੱਗਣ ਜਾਂ ਰਹੀ ਰਾਸ਼ਟਰੀ ਲੋਕ ਅਦਾਲਤ ਬਾਰੇ ਵੀ ਵਿਸਥਾਰ ਪੂਰਵਕ ਚਾਨਣਾ ਪਾਇਆ। ਸੈਮੀਨਾਰ ਵਿੱਚ ਭੁਪਿੰਦਰ ਸਿੰਘ ਵੜੈਚ ਨੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ, ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਅਤੇ ਸਾਈਬਰ ਕ੍ਰਾਈਮ ਲੁਟੇਰਿਆਂ ਤੋਂ ਹਮੇਸ਼ਾ ਸਾਵਧਾਨ ਰਹਿਣ ਲਈ ਪ੍ਰੇਰਿਤ ਕੀਤਾ।

# ਸਟੇਟ-ਲੈਵਲ ਸਾਫਟਬਾਲ ਚੈਂਪੀਅਨਸ਼ਿਪ 'ਚ ਮੋਡਰਨ ਸਕੂਲ ਦੀ ਕਾਮਯਾਬੀ

**ਪਟਿਆਲਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**
ਮੋਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਦੀ ਵਿਦਿਆਰਥਣ ਚਾਹਤ ਰਾਜਪੂਤ ਨੇ 17 ਤੋਂ 19 ਨਵੰਬਰ ਤੱਕ ਹੋਈ 69ਵੀਂ ਇੰਟਰ ਸਕੂਲ ਸਟੇਟ ਸਾਫਟਬਾਲ ਚੈਂਪਿਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤਿਆ।

ਇਸ ਟੂਰਨਾਮੈਂਟ ਵਿੱਚ ਕੁੱਲ 12 ਟੀਮਾਂ ਨੇ ਹਿੱਸਾ ਲਿਆ, ਜਿਸ ਨਾਲ ਮੁਕਾਬਲਾ ਹੋਰ ਵੀ ਕਠਿਨ ਹੋ ਗਿਆ। ਚਾਹਤ ਦਾ ਪ੍ਰਦਰਸ਼ਨ ਉਸਦੀ ਲਗਾਤਾਰ ਮਹਿਨਤ, ਟੀਮਵਰਕ ਅਤੇ ਖੇਡ ਨੂੰ ਸਮਝਣ ਦੀ ਸਮਰਥਾ ਕਰਕੇ ਖ਼ਾਸ ਤੌਰ 'ਤੇ ਪ੍ਰਭਾਵਸ਼ਾਲੀ ਰਿਹਾ।



# ਮਾਮੂਲੀ ਤਕਰਾਰ ਨੇ ਧਾਰਿਆ ਖੂਨੀ ਰੂਪ, ਬਜ਼ੁਰਗ ਔਰਤ ਦੀ ਮੌਤ

ਤਰਨਤਾਰਨ 24 ਨਵੰਬਰ। ਤੂੜੀ ਨਾਲ ਫਸਲ ਖਰਾਬ ਹੋਣ ਦੇ ਦੌਰਾਨ ਦੋ ਧਿਰਾਂ ਵਿਚ ਵਿਵਾਦ ਛਿੜ ਗਿਆ, ਜਿਸ ਦੌਰਾਨ ਇਕ



ਬਜ਼ੁਰਗ ਮਾਤਾ ਨੂੰ ਗੰਭੀਰ ਸੱਟਾਂ ਲਗਾਉਂਦੇ ਹੋਏ ਜ਼ਖਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਤੋਂ ਬਾਅਦ ਹਸਪਤਾਲ ਵਿਚ ਇਲਾਜ ਦੌਰਾਨ ਬਜ਼ੁਰਗ ਮਾਤਾ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਥਾਣਾ ਖਾਲੜਾ ਦੀ ਪੁਲਸ ਵੱਲੋਂ 4 ਵਿਅਕਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦੇ ਅਨੁਸਾਰ ਸੁਖਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਵਾਂ ਤਾਰਾ ਸਿੰਘ ਵੱਲੋਂ ਆਪਣੀ ਤੂੜੀ ਕਿਸੇ ਵਿਅਕਤੀ ਨੂੰ ਵੇਚੀ ਗਈ ਸੀ, ਜਿਸ ਦੇ ਚੱਲਦਿਆਂ ਬੀਤੀ 13 ਸਤੰਬਰ ਨੂੰ ਸਬੰਧਤ ਵਿਅਕਤੀ ਜਦੋਂ ਤੂੜੀ ਟਰੱਕ ਵਿਚ ਲੱਦ ਰਹੇ ਸਨ ਤਾਂ ਤੂੜੀ ਉੱਡ ਕੇ ਹਰਪਾਲ ਸਿੰਘ ਪੁੱਤਰ ਬਲਕਾਰ ਸਿੰਘ ਦੇ ਖੇਤਾਂ ਵਿਚ ਪੈ ਰਹੀ ਸੀ, ਜਿਸ ਦਾ ਉਸ ਵੱਲੋਂ ਫਸਲ ਖਰਾਬ ਹੋਣ ਦਾ ਹਵਾਲਾ ਦਿੰਦੇ ਹੋਏ ਵਿਰੋਧ ਕੀਤਾ ਗਿਆ। ਇਸ ਗੱਲ ਨੂੰ ਲੈ ਕੇ ਸੁਖਵਿੰਦਰ ਸਿੰਘ ਅਤੇ ਉਸਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨਾਲ ਝਗੜਾ ਕੀਤਾ ਗਿਆ। ਇਸ ਸਬੰਧੀ ਹੋਏ ਤਕਰਾਰ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਵੀ ਵਾਇਰਲ ਹੋ ਗਈ। ਅਗਲੇ ਦਿਨ 14 ਸਤੰਬਰ ਦੀ ਸਵੇਰ ਕਰੀਬ 6.30 ਵਜੇ ਜਦੋਂ ਉਸਦੀ ਮਾਤਾ ਬਲਵਿੰਦਰ ਕੌਰ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਜਾ ਰਹੇ ਸਨ ਤਾਂ ਰਸਤੇ ਵਿਚ ਸੁਖਵਿੰਦਰ ਸਿੰਘ ਅਤੇ ਇਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਮਾਰਕੁੱਟ ਕਰਦੇ ਹੋਏ ਮਾਤਾ ਨੂੰ ਜ਼ਖਮੀ ਕਰ ਦਿੱਤਾ ਗਿਆ, ਜਿਨ੍ਹਾਂ ਨੂੰ ਤੁਰੰਤ ਸਰਕਾਰੀ ਹਸਪਤਾਲ ਪੱਟੀ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਹਰਪਾਲ ਸਿੰਘ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸੁਖਵਿੰਦਰ ਸਿੰਘ ਦੇ ਪਰਿਵਾਰਕ ਮੈਂਬਰ ਸਰਕਾਰ ਵਿਚ ਵੱਡੀ ਪਹੁੰਚ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਧਮਕੀਆਂ ਦੇ ਰਹੇ ਸਨ। ਜਿਸ ਦੇ ਚੱਲਦਿਆਂ ਉਹ ਜ਼ਿਲੇ ਦੇ ਐੱਸ.ਐੱਸ.ਪੀ ਪਾਸੋਂ ਇਨਸਾਫ ਦੀ ਗੁਹਾਰ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਖਾਲੜਾ ਦੇ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਹਰਪਾਲ ਸਿੰਘ ਦੇ ਬਿਆਨਾਂ ਹੇਠ ਸੁਖਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ, ਮਨਜੀਤ ਕੌਰ ਪਤਨੀ ਬਲਵੀਰ ਸਿੰਘ, ਸਾਜਨ ਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਅਤੇ ਨਵਪ੍ਰੀਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਵਾਸੀਆਨ ਪਿੰਡ ਵਾਂ ਤਾਰਾ ਸਿੰਘ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਹਥਿਆਰਬੰਦ ਨੌਜਵਾਨਾਂ ਨੇ ਦੁਕਾਨਦਾਰ ਤੋਂ ਮੋਬਾਈਲ ਤੇ ਨਕਦੀ ਖੋਹੀ

ਤਰਨਤਾਰਨ 24 ਨਵੰਬਰ। ਸਥਾਨਕ ਮੁਹੱਲਾ ਮੁਰਾਦਪੁਰ ਵਿਖੇ ਬੀਤੀ ਸ਼ਾਮ ਮੋਟਰ ਸਾਈਕਲ ਸਵਾਰ ਹਥਿਆਰਬੰਦ ਨੌਜਵਾਨਾਂ ਵੱਲੋਂ ਇਕ ਦੁਕਾਨ ਵਿਚ ਦਾਖ਼ਲ ਹੋ ਕੇ ਦੁਕਾਨਦਾਰ ਦਾ ਮੋਬਾਈਲ ਅਤੇ ਦੋ ਹਜ਼ਾਰ ਦੀ ਨਕਦੀ ਖੋਹ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਅਣਪਛਾਤੇ ਮੁਲਜ਼ਮਾਂ ਦੇ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ ’ਚ ਮੁਕੇਸ਼ ਕੁਮਾਰ ਪੁੱਤਰ ਲਹੌਰੀ ਰਾਮ ਵਾਸੀ ਰਾਮਦੇਵ ਕਾਲੋਨੀ ਮੁਰਾਦਪੁਰ ਨੇ ਦੱਸਿਆ ਕਿ ਬੀਤੀ ਸ਼ਾਮ ਉਹ ਆਪਣੀ ਦੁਕਾਨ ’ਤੇ ਮੌਜੂਦ ਸੀ ਤਾਂ ਵਕਤ ਕਰੀਬ 6 ਵਜੇ ਸ਼ਾਮ ਨਕਦੀ ਖੋਹ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਅਣਪਛਾਤੇ ਤਿੰਨ ਮੋਟਰ ਸਾਈਕਲਾਂ ’ਤੇ ਸਵਾਰ ਹੋ ਕੇ 6 ਅਣਪਛਾਤੇ ਨੌਜਵਾਨ ਹਥਿਆਰਾਂ ਨਾਲ ਲੈੱਸ ਹੋ ਕੇ ਉਸ ਦੀ ਦੁਕਾਨ ’ਚ ਆਏ ਅਤੇ ਕਿਰਪਾਨਾਂ ਤੇ ਦਾਤਰ ਦਾ ਡਰਾਵਾ ਦੇ ਕੇ ਉਸ ਦਾ ਮੋਬਾਈਲ ਖੋਹ ਲਿਆ ਅਤੇ ਦੁਕਾਨ ’ਚ ਪਏ ਕਾਊਂਟਰ ਦੇ ਗੱਲੇ ’ਚੋਂ 2 ਹਜ਼ਾਰ ਰੁਪਏ ਦੀ ਨਕਦੀ ਕੱਢ ਕੇ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਓਧਰ ਏ.ਐੱਸ.ਆਈ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅਣਪਛਾਤੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ ’ਚ ਸਸਤਾ ਹੋਵੇਗਾ ਇਲਾਜ !

ਸੁਨਾਮ ਊਧਮ ਸਿੰਘ ਵਾਲਾ 24 ਨਵੰਬਰ। ਭਾਰੀ ਮੀਂਹ ਅਤੇ ਹੜ੍ਹ ਵਰਗੀ ਸਥਿਤੀ ਉਪਰੰਤ ਪੈਦਾ ਹੋਏ ਹਲਾਤਾਂ ਨੂੰ ਦੇਖਦਿਆਂ ਸੀਨੀਅਰ ਮੈਡੀਕਲ ਅਫਸਰ, ਇੰ. ਸਿਵਲ ਹਸਪਤਾਲ ਸੁਨਾਮ ਊਧਮ ਸਿੰਘ ਵਾਲਾ ਨੇ ਪ੍ਰਾਈਵੇਟ ਲੈਬੋਰੇਟਰੀਜ਼, ਸੁਨਾਮ ਦੇ ਪ੍ਰਧਾਨ ਜਗਦੀਪ ਭਾਰਦਵਾਜ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸੁਨਾਮ ਵਿਖੇ ਚੱਲ ਰਹੀਆਂ ਸਮੂਹ ਪ੍ਰਾਈਵੇਟ ਲੈਬੋਰੇਟਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਨ੍ਹਾਂ ਦੀ ਲੈਬ ’ਚ ਹੋਣ ਵਾਲੇ ਟੈਸਟਾਂ ਦੀ ਕੀਮਤ ਵਿਚ ਆਮ ਦਿਨਾਂ ਨਾਲੋਂ 10 ਫੀਸਦੀ ਦੀ ਛੋਟ ਦਿੱਤੀ ਜਾਵੇ। ਲੈਬ ਵਿਚ ਹੋਣ ਵਾਲੇ ਟੈਸਟਾਂ ਦੀ ਫੀਸ ਡਿਸਪਲੇ ’ਤੇ ਲਗਾਈ ਜਾਣੀ ਯਕੀਨੀ ਬਣਾਈ ਜਾਵੇ। ਜੇਕਰ ਕੋਈ ਟੈਸਟ ਪਾਜ਼ੇਟਿਵ ਆਵੇ ਤਾਂ ਮਰੀਜ਼ ਨੂੰ ਸਹੀ ਤਰੀਕੇ ਨਾਲ ਗਾਈਡ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕ ਹਿੱਤ ਵਿਚ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਆਮ ਲੋਕਾਂ ਨੂੰ ਵੀ ਹਦਾਇਤ ਕੀਤੀ ਕਿ ਡੇਂਗੂ ਅਤੇ ਹੋਰ ਵੈਕਟਰ-ਬੋਰਨ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ’ਚ ਹੇਠ ਲਿਖੇ ਲੱਛਣ ਵੇਖਣ ਨੂੰ ਮਿਲਦੇ ਹਨ ਜਿਵੇਂ ਕਿ ਤੇਜ਼ ਬੁਖ਼ਾਰ, ਸਰੀਰ ਵਿਚ ਦਰਦ, ਜੋੜਾਂ ਵਿਚ ਦਰਦ, ਪੇਟ ਵਿਚ ਗੜਬੜ ਅਤੇ ਕਈ ਵਾਰ ਭੁੱਖ ਦੀ ਕਮੀ ਆਦਿ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਰੀਜ਼ ਵਿਚ ਉਪਰੋਕਤ ਲੱਛਣ ਪਰਿਵਾਰਕ ਮੈਂਬਰਾਂ ਵੱਲੋਂ ਵੇਖੇ ਜਾਣ, ਤਾਂ ਉਸਨੂੰ ਤੁਰੰਤ ਸਿਵਲ ਹਸਪਤਾਲ ਸੁਨਾਮ/ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਕੋਲ ਲਿਜਾਇਆ ਜਾਵੇ। ਸਿਵਲ ਹਸਪਤਾਲ ਸੁਨਾਮ ’ਚ ਮਰੀਜ਼ਾਂ ਲਈ ਮੁਫ਼ਤ ਲੈਬ ਟੈਸਟ (ਕਮਰਾ ਨੰਬਰ 22) ਕੀਤੇ ਜਾ ਰਹੇ ਹਨ ਅਤੇ ਹੋਰ ਜ਼ਰੂਰੀ ਟੈਸਟ ਕ੍ਰਿਸ਼ਨਾ ਡਾਇਗਨੋਸਟਿਕ ਸੈਂਟਰ (ਕਮਰਾ ਨੰਬਰ 27) ਪੁਰਾਣੇ ਓ.ਪੀ.ਡੀ. ਕੰਪਲੈਕਸ ਦੇ ਬਾਹਰ ਸਿਵਲ ਹਸਪਤਾਲ ਸੁਨਾਮ ਵਿਚ ਉਪਲੱਬਧ ਹਨ। ਇਲਾਜ ਦਾ ਮੁੱਖ ਤਰੀਕਾ ਠੰਢੇ ਪਾਣੀ ਦੀ ਪੱਟੀ ਅਤੇ ਉਚਿਤ ਦਵਾਈ ਇਲਾਜ ਹੈ। ਸਾਰੀਆਂ ਜ਼ਰੂਰੀ ਦਵਾਈਆਂ ਸਿਵਲ ਹਸਪਤਾਲ ’ਚ ਮੁਫ਼ਤ ਉਪਲੱਬਧ ਹਨ। ਉਨ੍ਹਾਂ ਦੱਸਿਆ ਕਿ ਆਪਣੇ ਆਲੇ-ਦੁਆਲੇ ’ਚ ਪਾਣੀ ਖੜ੍ਹਾ ਹੋਣ ਤੋਂ ਬਚਾਅ, ਪੂਰੀ ਬਾਹਾਂ ਵਾਲੇ ਕੱਪੜੇ ਅਤੇ ਜੁੱਤੀ-ਚੱਪਲ ਪਾਓ, ਮੱਛਰ ਭਗਾਉਣ ਵਾਲੇ ਉਪਕਰਣ/ਕਰੀਮ ਵਰਤੋਂ, ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਦੀ ਖਾਸ ਦੇਖਭਾਲ ਕਰੋ, ਸਫਾਈ, ਸਿਹਤਮੰਦ ਖੁਰਾਕ ਅਤੇ ਲੋੜੀਂਦੀ ਮਾਤਰਾ ’ਚ ਪਾਣੀ ਪੀਣਾ ਯਕੀਨੀ ਬਣਾਓ।






## ਸੰਪਾਦਕੀ

# ਮਾਓਵਾਦੀ ਕਮਾਂਡਰ ਮਾੜਵੀ ਹਿੜਮਾ ਦਾ ਮਾਰਿਆ ਜਾਣਾ

ਚੋਟੀ ਦੇ ਮਾਓਵਾਦੀ ਕਮਾਂਡਰ ਮਾੜਵੀ ਹਿੜਮਾ ਦਾ ਮਾਰਿਆ ਜਾਣਾ ਖੱਬੇ ਪੱਖੀ ਕੱਟੜਵਾਦ ਵਿਰੁੱਧ ਦਹਾਕਿਆਂ ਤੋਂ ਚੱਲ ਰਹੀ ਲੜਾਈ ਦੀਆਂ ਸਭ ਤੋਂ ਫੈਸਲਾਕੁਨ ਸਫ਼ਲਤਾਵਾਂ ਵਿੱਚੋਂ ਇੱਕ ਹੈ। ਲਗਭਗ ਤਿੰਨ ਦਹਾਕਿਆਂ ਤੱਕ ਬਸਤਰ ਇਲਾਕੇ ਵਿੱਚ ਹਿੜਮਾ ਕਿਸੇ ਦੀ ਪਕੜ 'ਚ ਨਾ ਆਇਆ ਅਤੇ ਸੁਰੱਖਿਆ ਬਲਾਂ ਤੇ ਆਮ ਨਾਗਰਿਕਾਂ 'ਤੇ ਹੋਏ ਕੁਝ ਸਭ ਤੋਂ ਘਾਤਕ ਹਮਲਿਆਂ ਦੀ ਸਾਜ਼ਿਸ਼ ਰਚਦਾ ਰਿਹਾ। ਆਂਧਰਾ ਪ੍ਰਦੇਸ਼ ਦੀ ਕਮਾਂਡੋ ਫੋਰਸ 'ਗ੍ਰੇਹਾਊਂਡਜ਼' ਵੱਲੋਂ ਮਾਰੇਡੂਮਿਲੀ ਦੇ ਜੰਗਲਾਂ ਵਿੱਚ ਹਿੜਮਾ ਦਾ ਪਤਨੀ ਤੇ ਕਈ ਮਾਓਵਾਦੀਆਂ ਸਣੇ ਖਾਤਮਾ ਸੀ ਪੀ ਆਈ (ਮਾਓਵਾਦੀ) ਦੇ ਸਰਗਰਮ ਢਾਂਚੇ ਦੇ ਅੰਤ ਅਤੇ ਰਾਜਧ੍ਰੋਹ ਖ਼ਿਲਾਫ਼ ਭਾਰਤ ਦੇ ਤੰਤਰ ਦੀ ਇੱਕ ਮਹੱਤਵਪੂਰਨ ਜਿੱਤ ਦਾ ਸੰਕੇਤ ਦਿੰਦਾ ਹੈ। ਬਸਤਰ ਵਿੱਚ ਇੱਕ ਵਰਕਰ ਤੋਂ ਲੈ ਕੇ ਪੀਪਲਜ਼ ਲਿਬਰੇਸ਼ਨ ਗੁਰਿਲਾ ਆਰਮੀ ਦੀ ਬਟਾਲੀਅਨ 1 ਦੇ ਕਮਾਂਡਰ ਤੱਕ ਹਿੜਮਾ ਦਾ ਉਭਾਰ ਵਿਦਰੋਹ ਦੀ ਤਾਕਤ ਨੂੰ ਦਰਸਾਉਂਦਾ ਹੈ ਕਿ ਕਿਵੇਂ ਇਹ ਨਿਰਾਸ਼ ਨੌਜਵਾਨਾਂ ਨੂੰ ਭਰਤੀ ਕਰਨ, ਵਿਚਾਰਧਾਰਕ ਤੌਰ 'ਤੇ ਤਿਆਰ ਕਰਨ ਅਤੇ ਹਥਿਆਰਬੰਦ ਕਰਨ ਵਿੱਚ ਭੂਮਿਕਾ ਨਿਭਾਉਂਦੀ ਹੈ। ਉਸ ਨੇ 2010 ਦੇ ਚਿੰਤਲਨਾਰ ਕਤਲੇਆਮ, 2013 ਦੇ ਝੀਰਮ ਘਾਟੀ ਹਮਲੇ ਅਤੇ ਸੁਕਮਾ 'ਚ ਬਹੁਤ ਜ਼ਿਆਦਾ ਜਾਨੀ ਨੁਕਸਾਨ ਵਾਲੀਆਂ ਕਈ ਕਾਰਵਾਈਆਂ ਨੂੰ ਅੰਜਾਮ ਦਿੱਤਾ ਸੀ। ਇਨ੍ਹਾਂ ਕਾਰਵਾਈਆਂ ਨੇ ਭਾਰਤ ਦੇ ਸੁਰੱਖਿਆ ਸਮੀਕਰਨਾਂ ਨੂੰ ਨਵੇਂ ਸਿਰਿਓਂ ਤੈਅ ਕੀਤਾ। ਉਸ ਦੀ ਮੌਤ ਜਦਕਿ ਬਗ਼ਾਵਤ ਨੂੰ ਕਮਜ਼ੋਰ ਕਰਦੀ ਹੈ, ਪਰ ਇਹ ਉਨ੍ਹਾਂ ਡੂੰਘੇ ਕਬਾਇਲੀ ਮੁੱਦਿਆਂ ਨੂੰ ਹੱਲ ਨਹੀਂ ਕਰਦੀ ਜਿਨ੍ਹਾਂ ਨੇ ਮਾਓਵਾਦ ਨੂੰ ਜੜ੍ਹ ਫੜਨ ਦੇ ਯੋਗ ਬਣਾਇਆ। ਬਸਤਰ ਦਾ ਬਹੁਤਾ ਹਿੱਸਾ ਲੰਮੇ ਸਮੇਂ ਤੋਂ ਪੱਛੜਿਆ ਹੋਇਆ ਹੈ, ਖਣਨ ਅਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਕਾਰਨ ਲੋਕ ਉੱਜੜ ਚੁੱਕੇ ਹਨ ਅਤੇ ਕਬਾਇਲੀ ਭਾਈਚਾਰਿਆਂ ਤੇ ਸਰਕਾਰ ਵਿਚਕਾਰ ਭਰੋਸੇ ਦੀ ਚਿਰਾਂ ਤੋਂ ਘਾਟ ਹੈ। ਸਿਹਤ ਸੰਭਾਲ, ਮਿਆਰੀ ਸਿੱਖਿਆ ਅਤੇ ਕਾਰਜਸ਼ੀਲ ਭਲਾਈ ਯੋਜਨਾਵਾਂ ਤੱਕ ਪਹੁੰਚ ਅਜੇ ਵੀ ਇਕਸਾਰ ਨਹੀਂ ਹੈ। ਬਹੁਤ ਸਾਰੇ ਪਿੰਡਾਂ ਨੂੰ ਪ੍ਰਸ਼ਾਸਨ ਦਾ ਤਜਰਬਾ ਅਜੇ ਵੀ ਸਿਰਫ਼ ਸੁਰੱਖਿਆ ਬਲਾਂ ਦੀ ਮੌਜੂਦਗੀ ਰਾਹੀਂ ਹੁੰਦਾ ਹੈ, ਨਾ ਕਿ ਸਿਵਲ ਸੰਸਥਾਵਾਂ ਰਾਹੀਂ। ?ਨੀਤੀਗਤ ਵਾਅਦਿਆਂ ਅਤੇ ਜ਼ਮੀਨੀ ਹਕੀਕਤਾਂ ਦਾ ਫ਼ਰਕ ਨਾਰਾਜ਼ਗੀ ਨੂੰ ਬਣਾਈ ਰੱਖਦਾ ਹੈ, ਭਾਵੇਂ ਮਾਓਵਾਦੀ ਪ੍ਰਭਾਵ ਘਟਦਾ ਵੀ ਰਹੇ। ਜਦੋਂ ਤੱਕ ਪ੍ਰਸ਼ਾਸਨ ਜਵਾਬਦੇਹ ਅਤੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਨਹੀਂ ਬਣਦਾ, ਉਹ ਖਲਾਅ ਬਰਕਰਾਰ ਰਹਿ ਸਕਦਾ ਹੈ ਜੋ ਕਦੇ ਬਾਗ਼ੀਆਂ ਨੂੰ ਆਪਣੇ ਆਪ ਨੂੰ ਰੱਖਿਅਕਾਂ ਵਜੋਂ ਪੇਸ਼ ਕਰਨ ਦੀ ਇਜਾਜ਼ਤ ਦਿੰਦਾ ਸੀ। ?ਸੁਰੱਖਿਆ ਬਲਾਂ ਨੇ ਆਪਣਾ ਕੰਮ ਕਰ ਦਿੱਤਾ ਹੈ। ਸਰਕਾਰ ਕੋਲ ਹੁਣ ਇਸ ਰਣਨੀਤਕ ਜਿੱਤ ਨੂੰ ਸਥਾਈ ਸ਼ਾਂਤੀ ਵਿੱਚ ਬਦਲਣ ਦਾ ਮੌਕਾ ਹੈ। ਇਸ ਨੂੰ ਹਾਸਲ ਕਰਨ ਲਈ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੜਕਾਂ, ਸਕੂਲ, ਹੱਕ ਅਤੇ ਰੁਜ਼ਗਾਰ ਬਸਤਰ ਦੇ ਜੰਗਲ ਦੇ ਧੁਰ ਅੰਦਰ ਤੱਕ ਪਹੁੰਚੇ।

# ਅਸਦੂਦੀਨ ਓਵਾਇਸੀ ਨੇ ਬੁਲੰਦ ਆਵਾਜ਼ 'ਚ ਆਪਣੀ ਗੱਲ ਰੱਖੀ

ਅਸਦੂਦੀਨ ਓਵਾਇਸੀ, ਜੋ ਅੱਜ ਭਾਰਤ ਵਿੱਚ ਬਿਨਾਂ ਸ਼ੱਕ ਸਭ ਤੋਂ ਵੱਧ ਖੁੱਲ੍ਹ ਕੇ ਬੋਲਣ ਵਾਲੇ ਮੁਸਲਮਾਨ ਸਿਆਸਤਦਾਨ ਹਨ, ਨੇ ਬੁਲੰਦ ਆਵਾਜ਼ 'ਚ ਆਪਣੀ ਗੱਲ ਰੱਖੀ ਹੈ ਅਤੇ ਇਸ ਦੇ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਇੱਕ ਬਿਨਾਂ ਤਰੀਕ ਦੀ ਵੀਡੀਓ ਕਲਿੱਪ, ਜਿਸ ਵਿੱਚ ਲਾਲ ਕਿਲ੍ਹੇ ਦੇ ਆਤਮਘਾਤੀ ਬੰਬਾਰ ਡਾ. ਉਮਰ ਉਨ ਨਬੀ ਨੇ ਬੰਬ ਧਮਾਕਿਆਂ ਨੂੰ 'ਸ਼ਹਾਦਤ' ਦੱਸ ਕੇ ਜਾਇਜ਼ ਠਹਿਰਾਇਆ ਸੀ, ਉੱਤੇ ਹੈਦਰਾਬਾਦ ਦੇ ਸੰਸਦ ਮੈਂਬਰ ਓਵਾਇਸੀ, ਜੋ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਮੀਨ (ਏ ਆਈ ਐੱਮ ਆਈ ਐੱਮ) ਦੇ ਮੁਖੀ ਵੀ ਹਨ, ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਓਵਾਇਸੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਇਸਲਾਮ ਵਿੱਚ ਖ਼ੁਦਕੁਸ਼ੀ 'ਹਰਾਮ' (ਮਨ੍ਹਾਂ) ਹੈ ਅਤੇ ਬੇਕਸੂਰਾਂ ਦਾ ਕਤਲ ਕਰਨਾ ਇੱਕ ਗੰਭੀਰ ਪਾਪ ਹੈ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਅਜਿਹੀਆਂ ਕਾਰਵਾਈਆਂ ਬਾਰੇ 'ਗ਼ਲਤਫਹਿਮੀ' ਰੱਖਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਦੇਸ਼ ਦੇ ਕਾਨੂੰਨ ਦੇ ਵਿਰੁੱਧ ਹਨ ਅਤੇ ਅਤਿਵਾਦ ਤੋਂ ਇਲਾਵਾ ਹੋਰ ਕੁਝ ਨਹੀਂ ਹਨ। ?ਓਵਾਇਸੀ ਨੇ ਅਤਿਵਾਦੀਆਂ, ਉਨ੍ਹਾਂ ਦੇ ਹਮਦਰਦਾਂ ਅਤੇ ਹੈਂਡਲਰਾਂ ਨੂੰ ਇੱਕ ਸਖ਼ਤ ਸੰਦੇਸ਼ ਦਿੱਤਾ ਹੈ; ਦਹਿਸ਼ਤਗਰਦ ਕਾਰਵਾਈਆਂ ਨੂੰ ਕਿਸੇ ਵੀ ਆਧਾਰ 'ਤੇ ਵਡਿਆਇਆ ਜਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਜਿਹੜੇ ਇਸਲਾਮ ਜਾਂ ਕਿਸੇ ਹੋਰ ਧਰਮ ਦੇ ਨਾਮ 'ਤੇ ਖ਼ੂਨ ਵਹਾਉਂਦੇ ਹਨ, ਉਨ੍ਹਾਂ ਨੂੰ ਓਵਾਇਸੀ ਦੇ ਸ਼ਬਦਾਂ 'ਤੇ ਗ਼ੌਰ ਕਰਨਾ ਚਾਹੀਦਾ ਹੈ, ਜੋ ਕੱਟੜਵਾਦ ਦੇ ਵਧ ਰਹੇ ਖ਼ਤਰੇ ਦਾ ਮੁਕਾਬਲਾ ਕਰਨ ਵਿੱਚ ਮਦਦਗਾਰ ਹੋ ਸਕਦੇ ਹਨ। ਇੱਕ ਵਾਰ ਜਦੋਂ ਇਸ ਦੇ ਭਰਮਾਊ ਪ੍ਰਭਾਵ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ, ਜੋ ਅਕਸਰ ਭੜਕਾਊ ਵੀਡੀਓਜ਼ ਅਤੇ ਭਾਸ਼ਣਾਂ ਦੁਆਰਾ ਪੈਦਾ ਕੀਤਾ ਹੁੰਦਾ ਹੈ, ਤਾਂ ਆਤਮਘਾਤੀ ਬੰਬ ਧਮਾਕਾ ਬੇਲੋੜੀ ਹਿੰਸਾ ਦਾ ਬਸ ਇੱਕ ਨਾ-ਮੁਆਫੀਯੋਗ ਕਾਰਾ ਬਣ ਕੇ ਰਹਿ ਜਾਂਦਾ ਹੈ ਜਿਸ ਦੀ ਸਾਰਿਆਂ ਨੂੰ ਨਿੰਦਾ ਕਰਨੀ ਚਾਹੀਦੀ ਹੈ। ?ਇਹ ਦਿਲ ਨੂੰ ਸਕੂਨ ਦੇਣ ਵਾਲੀ ਗੱਲ ਹੈ ਕਿ ਇੱਕ ਅਜਿਹੇ ਰਾਸ਼ਟਰ ਵਿੱਚ ਜਿੱਥੇ ਬੇਈਮਾਨ ਸਿਆਸਤਦਾਨ ਭੜਕਾਉਂਦੇ ਹਨ, ਉੱਥੇ ਓਵਾਇਸੀ ਵਰਗੇ ਕੁਝ ਲੋਕ ਵੀ ਹਨ ਜੋ ਸਹੀ ਗੱਲ ਕਰਦੇ ਹਨ। ਅਪਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਦੀ ਵਿਸ਼ਵਵਿਆਪੀ ਪਹੁੰਚ ਦੌਰਾਨ, ਉਨ੍ਹਾਂ ਪਾਕਿਸਤਾਨ ਦਾ ਮਜ਼ਾਕ ਉਡਾਉਂਦਿਆਂ ਕਿਹਾ ਸੀ ਕਿ ਇਸਲਾਮਾਬਾਦ ਨੂੰ ਲੱਗਦਾ ਹੈ ਕਿ ਉਹ ਭਾਰਤੀ ਮੁਸਲਮਾਨਾਂ ਨੂੰ ਜਿੱਤਣ ਲਈ ਇਸਲਾਮ 'ਤੇ ਟੇਕ ਰੱਖ ਸਕਦਾ ਹੈ। ਮੁੱਦੇ ਦੀ ਗੱਲ ਇਹ ਹੈ ਕਿ ਘੱਟਗਿਣਤੀ ਭਾਈਚਾਰਾ, ਕੁਝ ਕਾਲੀਆਂ ਭੇਡਾਂ ਨੂੰ ਛੱਡ ਕੇ, ਤਿਰੰਗੇ ਪ੍ਰਤੀ ਵਫ਼ਾਦਾਰੀ ਰੱਖਦਾ ਹੈ। ਓਵਾਇਸੀ ਅਤੇ ਹੋਰ ਨੇਤਾਵਾਂ ਨੂੰ ਇਸ ਗ਼ਲਤ ਧਾਰਨਾ ਨੂੰ ਸਖ਼ਤੀ ਨਾਲ ਦੂਰ ਕਰਨਾ ਚਾਹੀਦਾ ਹੈ ਕਿ ਭਾਰਤ ਵਿੱਚ ਰਹਿਣ ਵਾਲੇ ਮੁਸਲਮਾਨ ਭਰੋਸੇਯੋਗ ਨਹੀਂ ਹਨ। ਕੇਂਦਰ ਅਤੇ ਰਾਜਾਂ ਨੂੰ ਨਾ ਸਿਰਫ਼ ਅਤਿਵਾਦ ਦੇ ਸਬੰਧ ਵਿੱਚ, ਸਗੋਂ ਉਨ੍ਹਾਂ ਲੋਕਾਂ ਪ੍ਰਤੀ ਵੀ ਮੁਕੰਮਲ ਸਖ਼ਤੀ ਵਾਲਾ ਰਵੱਈਆ ਅਪਣਾਉਣਾ ਚਾਹੀਦਾ ਹੈ ਜੋ ਹਰ ਮੁਸਲਮਾਨ ਨੂੰ ਅਤਿਵਾਦੀ ਜਾਂ ਗੱਦਾਰ ਦੱਸਦੇ ਹਨ।

# ਦਿੱਲੀ ਦੇ ਚਾਂਦਨੀ ਚੌਕ ਤੋਂ ਚੱਲੀ ਸੀਸ ਮਾਰਗ ਯਾਤਰਾ ਦਾ ਖਰੜ ਵਿਚ ਸਵਾਗਤ



**ਖਰੜ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧਰਮ ਦੀ ਚਾਂਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ 15ਵਾਂ ਵਿਸ਼ਾਲ ਨਗਰ ਕੀਰਤਨ ' ਸੀਸ ਮਾਰਗ ਯਾਤਰਾ' ਜੋ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ ਤੋਂ ਪ੍ਰਾਰੰਭ ਹੋ ਕੇ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਜਾਈ ਜਾ ਰਹੀ ਹੈ। ਦਾ ਖਰੜ ਸ਼ਹਿਰ ਵਿਚ ਪਹੁੰਚਣ ਤੇ ਸਵਾਗਤ ਕਰਨ ਲਈ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਮੀਟਿੰਗ ਹੋਈ। ਭਾਈ ਮਨਜੀਤ ਸਿੰਘ ਜੀ ਨੇ ਦਸਿਆ ਕਿ ਇਹ ਸੀਸ ਮਾਰਗ ਯਾਤਰਾ 24 ਨਵੰਬਰ ਨੂੰ ਸਵੇਰੇ 6 ਵਜੇ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ ਤੋਂ ਅਰਦਾਸ ਕਰਨ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿਚ ਆਰੰਭ ਹੋਵੇਗੀ ਜੋ ਕਿ ਅੱਗੇ ਬਾਗਪਤ, ਯੂ.ਪੀ. ਹੁੰਦੇ ਹੋਏ ਬਾਲਗੜ੍ਹ, ਪਾਣੀਪਤ, ਕਰਨਾਲ ਹੁੰਦੇ ਰਾਤਰੀ ਵਿਸ਼ਰਾਮ ਗੁਰਦੁਆਰਾ ਸੀਸ ਗੰਜ ਸਾਹਿਬ ਤਰਾਵੜੀ ਵਿਖੇ ਹੋਣਗੇ। ਉਨ੍ਹਾਂ ਅੱਗੇ ਦਸਿਆ ਕਿ 25 ਨਵੰਬਰ ਨੂੰ 6 ਵਜੇ ਆਰੰਭ ਹੋਵੇਗੀ ਅਤੇ ਪਿੱਪਲੀ, ਸ਼ਾਹਬਾਦ ਹੁੰਦੀ ਹੋਈ ਗੁਰਦੁਆਰਾ ਸੀਸ ਗੰਜ ਸਾਹਿਬ ਅੰਬਾਲਾ ਸ਼ਹਿਰ ਵਿਚ ਹਾਜ਼ਰੀ ਉਪਰੰਤ 11 ਵਜੇ ਸੰਭੂ ਬਾਰਡਰ ਰਾਹੀਂ ਪੰਜਾਬ ਵਿਚ ਪ੍ਰਵੇਸ਼ ਕਰੇਗੀ ਤੇ ਤੇਪਲਾ ਰੋਡ ਤੋਂ ਬਨੂੜ, ਪਿੰਡ ਛੱਤ,ਵੀ.ਆਈ.ਪੀ.ਰੋਡ ਨੂੰ ਹੁੰਦੀ ਰਾਤਰੀ ਵਿਸ਼ਰਾਮ ਗੁਰਦੁਆਰਾ ਸ੍ਰੀ ਨਾਭਾ ਸਾਹਿਬ ਜ਼ੀਰਕਪੁਰ ਵਿਖੇ ਹੋਵੇਗਾ। ਉਨ੍ਹਾਂ ਦਸਿਆ ਕਿ 26 ਨਵੰਬਰ ਨੂੰ ਇਸ ਤੋਂ ਸਥਾਨ ਸੀਸ ਮਾਰਗ ਯਾਤਰਾ ਅਗਲੇ ਪੜਾਅ ਲਈ ਚੰਡੀਗੜ੍ਹ,ਟ੍ਰਿਬਿਊਨ ਚੌਕ, ਸੈਕਟਰ 48, ਗੁਰਦੁਆਰਾ ਸਿੰਘ ਸਭਾ ਫੇਜ਼-11, ਗੁਰਦੁਆਰਾ ਅੰਬ ਸਾਹਿਬ ਮੁਹਾਲੀ, ਗੁਰਦਆਰਾ ਸਿੰਘ ਸ਼ਹੀਦਾ ਸੋਹਾਣਾ, ਡੀ.ਸੀ. ਦਫਤਰ ਮਾਰਗ, ਲਾਂਡਰਾਂ ਚੌਕ, ਖਰੜ, ਕੁਰਾਲੀ , ਰੋਪੜ ਨੂੰ ਹੁੰਦੀ ਹੋਏ ਗੁਰਦੁਆਰਾ ਸ੍ਰੀ ਬਿਬਾਣਗੜ੍ਹ ਸਾਹਿਬ ਪਾਤਸ਼ਾਹੀ 9ਵੀਂ ਸ੍ਰੀ ਕੀਤਰਪੁਰ ਸਾਹਿਬ ਵਿਖੇ ਅਰਦਾਸ ਬੇਨਤੀ ਉਪਰੰਤ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੰਪਰੂਣਤਾ ਸਮਾਪਤੀ ਹੋਵੇਗੀ। ਉਨ੍ਹਾਂ ਦਸਿਆ ਕਿ ਸਕੂਲ ਵਿਚ ਅੱਜ ਮੀਟਿੰਗ ਕਰਕੇ ਖਰੜ ਸਹਿਰ ਵਿਚ ਖਾਲਸਾ ਸਕੂਲ ਖਰੜ ਦੇ ਗੇਟ ਅੱਗੇ ਸੀਸ ਮਾਰਗ ਦਾ ਸਵਾਗਤ ਕਰਨ ਲਈ ਪ੍ਰਬੰਧਕਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ , ਖਰੜ ਸਹਿਰ ਨਿਵਾਸੀਆਂ ਅਤੇ ਖਾਲਸਾ ਸਕੂਲ ਖਰੜ ਦੀ ਪ੍ਰਬੰਧਕ ਕਮੇਟੀ ਵਲੋਂ ਹਰ ਸਾਲ ਇਸ ਸੀਸ ਮਾਰਗ ਯਾਤਰਾ ਲਈ ਪੂਰਨ ਸਹਿਯੋਗ ਦਿੱਤਾ ਜਾਂਦਾ ਹੈ। ਇਸ ਮੌਕੇ ਸਾਬਕਾ ਐਸ.ਜੀ.ਪੀ.ਸੀ.ਮੈਂਬਰ ਭਜਨ ਸਿੰਘ ਸ਼ੇਰਗਿੱਲ, ਹਾਕਮ ਸਿੰਘ, ਮਲਕਿੰਦਰ ਸਿੰਘ ਸੇਖੋਂ, ਜੋਰਾ ਸਿੰਘ ਭੁੱਲਰ,ਅਵਤਾਰ ਸਿੰਘ, ਮੇਜਰ ਸਿੰਘ ਸਮੇਤ ਹੋਰ ਪ੍ਰਬੰਧਕ ਅਤੇ ਸੇਵਾਦਾਰ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਲਾਸਾਨੀ ਸ਼ਹਾਦਤ ਨੂੰ ਉਜਾਗਰ ਕਰਦਾ ਸ਼ਾਨਦਾਰ ਰੋਸ਼ਨੀ ਤੇ ਆਵਾਜ਼ ਸ਼ੋਅ ਦੇਖਣ ਪੁੱਜੇ ਵੱਡੀ ਗਿਣਤੀ 'ਚ ਸ਼ਰਧਾਲੂ

**ਮਲੇਰਕੋਟਲਾ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸੂਬਾ ਪੱਧਰੀ ਸਮਾਗਮਾਂ ਦੀ ਲੜੀ ਤਹਿਤ ਸਥਾਨਕ ਸਰਕਾਰੀ ਕਾਲਜ ਮਾਲੇਰਕੋਟਲਾ ਵਿੱਚ 'ਹਿੰਦ ਦੀ ਚਾਦਰ' ਨਾਮਕ ਵਿਸ਼ਾਲ ਰੋਸ਼ਨੀ-ਆਵਾਜ਼ (ਲਾਈਟ ਐਂਡ ਸਾਊਂਡ) ਸ਼ੋਅ ਦਾ ਆਯੋਜਨ ਕੀਤਾ ਗਿਆ। ਸ਼ੋਅ ਨੇ ਸੰਗਤ ਨੂੰ ਰੂਹਾਨੀ ਚਾਨਣ ਨਾਲ ਭਰਦਿਆਂ ਇੱਕ ਅਲੌਕਿਕ ਅਤੇ ਭਾਵੁਕ ਅਨੁਭਵ ਕਰਵਾਇਆ। ਬੱਚਿਆਂ, ਜਵਾਨਾਂ ਅਤੇ ਬਜ਼ੁਰਗਾਂ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਇਸ ਆਧੁਨਿਕ ਦ੍ਰਿਸ਼-ਪੇਸ਼ਕਾਰੀ ਦਾ ਲੁਤਫ਼ ਲਿਆ ਅਤੇ 'ਧੰਨ ਗੁਰੂ ਤੇਗ ਬਹਾਦਰ ਜੀ' ਦੇ ਜੈਕਾਰਿਆਂ ਨਾਲ ਸਮਾ ਗੂੰਜਾ ਦਿੱਤਾ।

ਸ਼ੋਅ ਵਿੱਚ ਦਰਸਾਇਆ ਗਿਆ ਕਿ ਧਰਮ,ਮਨੁੱਖੀ ਅਧਿਕਾਰਾਂ ਅਤੇ ਸੱਚ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣੇ ਪਿਆਰੇ ਸਿੱਖਾਂ-ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਜੋ ਅਦੁੱਤੀ ਸ਼ਹਾਦਤ ਦਿੱਤੀ, ਉਹ ਅੱਜ ਵੀ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹੈ। ਸ਼ੋਅ 'ਚ ਤਿਲਕ ਜੰਞੂ ਰਾਖਾ ਪ੍ਰਭ ਤਾ ਕਾ, ਕੀਨੋ ਬਡੋ ਕਲੂ ਮਹਿ ਸਾਕਾ ਦੀ ਮਹਾਨ ਪਰੰਪਰਾ ਨੂੰ ਡਿਜੀਟਲ ਤਕਨਾਲੋਜੀ ਰਾਹੀਂ ਬਹੁਤ ਹੀ ਸੁੰਦਰਤਾ ਨਾਲ ਪੇਸ਼ ਕੀਤਾ ਗਿਆ। ਢਾਡੀ ਜਥੇ ਹਰਮਿੰਦਰ ਸਿੰਘ ਵੱਲੋਂ ਵਾਰਾਂ ਦੇ ਗਾਇਨ ਨੇ ਇਸ ਪਵਿੱਤਰ ਰੂਹਾਨੀ ਮਾਹੌਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ।

ਸਮਾਗਮ ਵਿੱਚ ਹਾਜ਼ਰ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਦੀਵੀ ਵਿਰਾਸਤ ਨੂੰ ਚਰਮ ਸਤਿਕਾਰ ਨਾਲ ਯਾਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਲਾਈਟ ਐਂਡ ਸਾਊਂਡ ਸ਼ੋਅ ਗੁਰੂ ਸਾਹਿਬ ਦੇ ਜੀਵਨ, ਸਿੱਖਿਆਵਾਂ ਅਤੇ ਬਲੀਦਾਨ 'ਤੇ ਚਾਨਣਾ ਪਾਉਣ ਲਈ ਖਾਸ ਤੌਰ 'ਤੇ ਤਿਆਰ ਕੀਤਾ ਗਿਆ ਹੈ, ਤਾਂ ਜੋ ਨੌਜਵਾਨ ਪੀੜ੍ਹੀ ਇਸ ਨਾਲ ਗਹਿਰਾਈ ਨਾਲ ਜੁੜ ਸਕੇ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੀ ਸ਼ਹਾਦਤ ਕਿਸੇ ਇਕ ਧਰਮ ਲਈ ਨਹੀਂ,ਬਲਕਿ ਸਮੂਹ ਮਨੁੱਖਤਾ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਸੀ। ਉਨ੍ਹਾਂ ਕਿਹਾ, ਏਹ ਸਿਰਫ਼ ਇੱਕ ਸ਼ਰਧਾਂਜਲੀ ਨਹੀਂ,ਸਗੋਂ ਅਧਿਆਤਮਿਕ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਪਵਿੱਤਰ ਸਮਰਪਣ ਦੀ ਚਮਕ ਹਰ ਪ੍ਰਬੰਧ ਵਿੱਚੋਂ ਝਲਕਾਈਏ।

ਉਨ੍ਹਾਂ ਸੰਗਤ ਨੂੰ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 23, 24 ਅਤੇ 25 ਨਵੰਬਰ ਨੂੰ ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਰਾਜ ਪੱਧਰੀ ਸਮਾਗਮਾਂ ਵਿੱਚ ਸਮੂਲੀਅਤ ਕਰਨ ਦਾ ਸੱਦਾ ਦਿੱਤਾ ਤੇ ਕਿਹਾ ਕਿ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਵਿਸਵ ਪੱਧਰੀ ਹੋਣਗੇ। ਉਨ੍ਹਾਂ ਹੋਰ ਦੱਸਿਆ ਕਿ 22 ਨਵੰਬਰ ਨੂੰ ਸ੍ਰੀਨਗਰ, ਗੁਰਦਾਸਪੁਰ, ਫਰੀਦਕੋਟ ਤੇ ਤਲਵੰਡੀ ਸਾਬੋਂ ਤੋਂ ਚਾਰ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ।

ਸੰਗਤ ਨੇ ਪ੍ਰਤੀਕਿਰਿਆ ਕਰਦਿਆ ਕਿਹਾ ਕਿ 'ਹਿੰਦ ਦੀ ਚਾਦਰ' ਸ਼ੋਅ ਨੇ ਗੁਰੂ ਸਾਹਿਬ ਦੇ ਸ਼ਾਂਤੀ, ਸਹਿਣਸ਼ੀਲਤਾ ਅਤੇ ਵਿਸ਼ਵਭਾਈਚਾਰੇ ਦੇ ਸੰਦੇਸ਼ ਨੂੰ ਮਨਾਂ 'ਤੇ ਅੰਕਿਤ ਕਰ ਦਿੱਤਾ।

ਇਸ ਮੌਕੇ ਮਾਲ,ਪੁਨਰਵਾਸ ਤੇ ਆਫ਼ਤ ਪ੍ਰਬੰਧਨ,ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਪੰਜਾਬ ਸ੍ਰੀ ਹਰਦੀਪ ਸਿੰਘ ਮੁੰਡੀਆਂ,ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ, ਵਿਧਾਇਕ ਅਮਰਗੜ ਪ੍ਰੋ: ਜਸਵੰਤ ਸਿੰਘ ਗੱਜਣਮਾਜਰਾ, ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ, ਐਸ.ਐਸ.ਪੀ. ਗਗਨ ਅਜੀਤ ਸਿੰਘ, ਚੇਅਰਮੈਨ ਯੋਜਨਾ ਬੋਰਡ ਸਾਕਿਬ ਅਲੀ ਰਾਜਾ, ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਜਾਫਰ ਅਲੀ,ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ,ਵਧੀਕ ਡਿਪਟੀ ਕਮਿਸ਼ਨਰ ਵਿਕਾਸ ਰਿੰਪੀ ਗਰਗ,ਸਹਾਇਕ ਕਮਿਸ਼ਨਰ ਰਾਕੇਸ ਗਰਗ, ਐਸ.ਡੀ.ਐਮ.ਮਾਲੇਰਕੋਟਲਾ/ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ, ਤੋਂ ਇਲਾਵਾ ਅਧਿਕਾਰੀਆਂ, ਕੌਂਸਲਰਾਂ ਅਤੇ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ।

# ਡਾ. ਬਲਬੀਰ ਸਿੰਘ ਅਤੇ ਮੇਅਰ ਕੁੰਦਨ ਗੋਗੀਆ ਵੱਲੋਂ 1 ਕਰੋੜ 96 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਉਦਘਾਟਨ



**ਪਟਿਆਲਾ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਪਟਿਆਲਾ ਵਿੱਚ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਂਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਮੇਅਰ ਕੁੰਦਨ ਗੋਗੀਆ ਨੇ ਅੱਜ 1 ਕਰੋੜ 96 ਲੱਖ ਰੁਪਏ ਦੀ ਲਾਗਤ ਨਾਲ ਫੈਕਟਰੀ ਏਰੀਆ ਬੰਨਾ ਰੋਡ ਵਿਖੇ ਬਣਨ ਵਾਲੀ ਮਹੱਤਵਪੂਰਨ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਸ ਸੜਕ ਦੇ ਤਿਆਰ ਹੋਣ ਨਾਲ ਇਲਾਕੇ ਦੇ ਹਜ਼ਾਰਾਂ ਵਸਨੀਕਾਂ ਨੂੰ ਆਵਾਜਾਈ ਸਬੰਧੀ ਵੱਡੀ ਰਾਹਤ ਮਿਲੇਗੀ ਅਤੇ ਲੰਬੇ ਸਮੇਂ ਤੋਂ ਬਾਕੀ ਪਈ ਮੰਗ ਪੂਰੀ ਹੋਵੇਗੀ।

ਉਦਘਾਟਨ ਸਮਾਰੋਹ ਦੌਰਾਨ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਵਿੱਚ ਵਿਕਾਸ ਕਾਰਜਾਂ ਨੂੰ ਰੁਕਾਵਟ ਰਹਿਤ ਤਰੀਕੇ ਨਾਲ ਅੱਗੇ ਵਧਾਉਣਾ ਸਰਕਾਰ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਚਾਹੇ ਗੱਲ ਸੜਕਾਂ ਦੀ ਹੈ, ਪਾਣੀ ਸਪਲਾਈ ਦੀ, ਡਰੇਨੇਜ ਸਿਸਟਮ ਦੀ ਜਾਂ ਸਫਾਈ ਪ੍ਰਣਾਲੀ ਦੀ — ਪਟਿਆਲਾ ਵਿੱਚ ਆਉਣ ਵਾਲੇ ਸਮੇਂ ਵਿੱਚ ਲੋਕ ਹੋਰ ਵੱਡੇ ਬਦਲਾਅ ਦੇਖਣਗੇ।

ਮੇਅਰ ਕੁੰਦਨ ਗੋਗੀਆ ਨੇ ਇਸ ਮੌਕੇ ਕਿਹਾ ਕਿ ਇਹ ਸੜਕ ਸਿਰਫ਼ ਆਵਾਜਾਈ ਦਾ ਰਾਹ ਨਹੀਂ, ਸਗੋਂ ਸਥਾਨਕ ਵਿਕਾਸ ਦੀ ਪਛਾਣ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਵਾਰਡ ਵਿੱਚ ਸਮਾਨ ਤਰੱਕੀ ਯਕੀਨੀ ਬਣਾਈ ਜਾ ਰਹੀ ਹੈ ਅਤੇ ਜਿੱਥੇ ਲੋੜ ਹੈ, ਉੱਥੇ ਗੁਣਵੱਤਾ ਪੂਰਣ ਕੰਮ ਤੁਰੰਤ ਸ਼ੁਰੂ ਕਰਵਾਏ ਜਾ ਰਹੇ ਹਨ। ਮੇਅਰ ਨੇ ਯਕੀਨ ਦਿਵਾਇਆ ਕਿ ਸੜਕ ਨਿਰਮਾਣ ਵਿੱਚ ਮਾਲ ਅਤੇ ਕੰਮ ਦੀ ਗੁਣਵੱਤਾ 'ਤੇ ਵੱਖਰੇ ਤੌਰ 'ਤੇ ਧਿਆਨ ਦਿੱਤਾ ਜਾਵੇਗਾ।

ਇਸ ਮੌਕੇ ਸਮਾਗਮ ਵਿੱਚ ਐਮ.ਸੀ. ਜਸਬੀਰ ਗਾਂਧੀ, ਐਮ.ਸੀ. ਗੁਰਕਿਰਪਾਲ ਸਿੰਘ, ਪਰਦੀਪ ਗਰਗ, ਐਮ.ਸੀ. ਵਾਸੂਦੇਵ, ਗੁਰਇਕਬਾਲ, ਐਮ.ਸੀ. ਨਿਸ਼ਾਂਤ, ਐਮ.ਸੀ. ਸ਼ਿਵਰਾਜ ਵਿਰਕ, ਐਮ.ਸੀ. ਗਿਆਨ ਚੰਦ, ਡੀ.ਡੀ. ਸ਼ਰਮਾ, ਬਾਬਾ ਹਰਬੰਸ ਸਿੰਘ, ਜੀਤ ਸਿੰਘ, ਨਰੇਸ਼ ਕੁਮਾਰ, ਵਿਕਰਮ ਸਿੰਘ ਠਾਕੁਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ, ਜਿਨ੍ਹਾਂ ਨੇ ਇਸ ਵਿਕਾਸ ਕਾਰਜ ਦਾ ਸਵਾਗਤ ਕੀਤਾ।

ਇਲਾਕੇ ਦੇ ਨਿਵਾਸੀਆਂ ਨੇ ਵੀ ਇਸ ਸੜਕ ਦੇ ਨਿਰਮਾਣ ਨੂੰ ਇੱਕ ਵੱਡਾ ਤੋਹਫ਼ਾ ਦੱਸਦਿਆਂ ਕਿਹਾ ਕਿ ਬਿਹਤਰ ਸੜਕਾਂ ਨਾਲ ਸਿਰਫ਼ ਆਵਾਜਾਈ ਹੀ ਸੁਗਮ ਨਹੀਂ ਹੁੰਦੀ, ਸਗੋਂ ਖੇਤਰ ਦੀ ਕੁੱਲ ਤਰੱਕੀ 'ਤੇ ਵੀ ਸਕਾਰਾਤਮਕ ਪ੍ਰਭਾਵ ਪੈਂਦਾ ਹੈ।

# ਹੋਰ ਵਧੇਗੀ ਭਾਰਤੀ ਫ਼ੌਜ ਦੀ ਤਾਕਤ ! ਅਮਰੀਕਾ ਨਾਲ ਹੋਈ 750 ਕਰੋੜ ਦੀ ਡੀਲ

**ਨਵੀਂ ਦਿੱਲੀ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਨੇ ਭਾਰਤ ਦੀ ਤਾਕਤ ਨੂੰ ਹੋਰ ਵਧਾਉਣ ਅਤੇ ਦੁਵੱਲੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਵੱਡੇ ਰੱਖਿਆ ਸੌਦੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਭਾਰਤ ਨੂੰ ਐਕਸਕੈਲੀਬਰ ਪ੍ਰਿਸਿਜ਼ਨ-ਗਾਈਡਡ ਪ੍ਰੋਜੈਕਟਾਈਲ ਅਤੇ ਐੱਫ.ਜੀ.ਐੱਮ.-148 ਜੈਵਲਿਨ ਐਂਟੀ-ਟੈਂਕ ਮਿਜ਼ਾਈਲ ਸਿਸਟਮ ਸਮੇਤ ਵੱਖ-ਵੱਖ ਸਹਾਇਕ ਉਪਕਰਨਾਂ ਦੀ ਡੀਲ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇਸ ਰੱਖਿਆ ਪੈਕੇਜ ਦੀ ਕੁੱਲ ਕੀਮਤ 90 ਮਿਲੀਅਨ ਡਾਲਰ (ਲਗਭਗ 750 ਕਰੋੜ ਰੁਪਏ) ਦੱਸੀ ਜਾ ਰਹੀ ਹੈ। ਡਿਫੈਂਸ ਸਕਿਓਰਿਟੀ ਕੋਆਪਰੇਸ਼ਨ ਏਜੰਸੀ ਨੇ ਅਮਰੀਕੀ ਕਾਂਗਰਸ ਨੂੰ ਦੱਸਿਆ ਕਿ ਵਿਦੇਸ਼ ਮੰਤਰਾਲੇ ਨੇ ਦੋ ਵੱਖ-ਵੱਖ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਹੈ। ਇਸ 'ਚ ਲਗਭਗ 47.1 ਮਿਲੀਅਨ ਡਾਲਰ ਦੇ 216 $98211 ਐਕਸਕੈਲੀਬਰ ਪ੍ਰੋਜੈਕਟਾਈਲ ਅਤੇ ਸੰਬੰਧਿਤ ਉਪਕਰਨ ਤੇ ਲਗਭਗ 45.7 ਮਿਲੀਅਨ ਡਾਲਰ ਦੀਆਂ 100 ਜੈਵਲਿਨ ਮਿਜ਼ਾਈਲਾਂ, 25 ਕਮਾਂਡ-ਲਾਂਚ ਯੂਨਿਟਾਂ, ਸਿਖਲਾਈ ਸਹਾਇਤਾ, ਸਿਮੂਲੇਸ਼ਨ ਰਾਊਂਡ, ਸਪੇਅਰ ਪਾਰਟਸ ਅਤੇ ਲਾਈਫਸਾਈਕਲ ਸਪੋਰਟ ਸ਼ਾਮਲ ਹਨ। ਇਸ ਵਿੱਚ ਤਕਨੀਕੀ ਸਹਾਇਤਾ, 'ਪੋਰਟੇਬਲ ਇਲੈਕਟ੍ਰਾਨਿਕ ਫਾਇਰ ਕੰਟਰੋਲ ਸਿਸਟਮ', ਇੰਪਰੂਵਡ ਪਲੇਟਫਾਰਮ ਇੰਟੀਗ੍ਰੇਸ਼ਨ ਕਿਟ, ਮੁਰੰਮਤ ਸੇਵਾਵਾਂ ਅਤੇ ਲੌਜਿਸਟਿਕ ਸਪੋਰਟ ਵੀ ਸ਼ਾਮਲ ਹੈ। DSCA ਨੇ ਕਿਹਾ ਕਿ ਇਹ ਡੀਲ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਉਦੇਸ਼ਾਂ ਨੂੰ ਅੱਗੇ ਵਧਾਉਂਦੀ ਹੈ। ਏਜੰਸੀ ਨੇ ਭਾਰਤ ਨੂੰ ਹਿੰਦ-ਪ੍ਰਸ਼ਾਂਤ ਅਤੇ ਦੱਖਣ ਏਸ਼ੀਆ ਵਿੱਚ ਸਥਿਰਤਾ, ਸ਼ਾਂਤੀ ਅਤੇ ਆਰਥਿਕ ਪ੍ਰਗਤੀ ਦੀ ਮਹੱਤਵਪੂਰਨ ਸ਼ਕਤੀ ਦੱਸਿਆ ਹੈ। ਅਮਰੀਕਾ ਦੇ ਅਨੁਸਾਰ ਇਹ ਹਥਿਆਰ ਭਾਰਤ ਦੀ ਸਟੀਕ ਹਮਲੇ ਦੀ ਸਮਰੱਥਾ ਵਧਾਉਣਗੇ ਅਤੇ ਇਸ ਨੂੰ ਵਰਤਮਾਨ ਅਤੇ ਭਵਿੱਖ ਦੇ ਖਤਰਿਆਂ ਨਾਲ ਨਜਿੱਠਣ ਵਿੱਚ ਹੋਰ ਸਮਰੱਥ ਬਣਾਉਣਗੇ।

## ਮਾਮਲਾ ਕੇਂਦਰ ਵੱਲੋਂ 332 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ :

# ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ 'ਤੇ ਫੰਡਾਂ ਦੇ ਸਰੋਤ ਬਾਰੇ ਧੋਖਾਧੜੀ ਅਤੇ ਸਿੱਧਾ ਝੂਠ ਦਾ ਦੋਸ਼ : ਪਰਮਜੀਤ ਕੈਂਥ

**ਪਟਿਆਲਾ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰ ਸਰਕਾਰ ਦੇ 15ਵੇਂ ਵਿੱਤ ਕਮਿਸ਼ਨ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ 332 ਕਰੋੜ ਰੁਪਏ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਹਨ, ਜਿਸਦਾ ਉਦੇਸ਼ ਵੱਖ-ਵੱਖ ਵਿਕਾਸ ਅਤੇ ਸਫਾਈ ਪ੍ਰੋਜੈਕਟਾਂ ਨੂੰ ਫੰਡ ਦੇਣਾ ਹੈ। ਇਹ ਵੰਡ ਕੇਂਦਰ ਸਰਕਾਰ ਦੇ ਨਿਯਮਤ, ਫਾਰਮੂਲਾ-ਅਧਾਰਤ ਵੰਡ ਦਾ ਹਿੱਸਾ ਹਨ, ਨਾ ਕਿ ਪੰਜਾਬ ਰਾਜ ਸਰਕਾਰ ਦੀ ਕਿਸੇ ਖਾਸ ਯੋਜਨਾ ਦਾ।

ਇਸ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਦੇ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ 'ਤੇ ਇਨ੍ਹਾਂ ਫੰਡਾਂ ਦੇ ਸਰੋਤ ਬਾਰੇ ÷ਧੋਖਾਧੜੀ÷ ਅਤੇ ਸਿੱਧਾ ਝੂਠ ਬੋਲਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਸੂਬਾ ਸਰਕਾਰ ਦੇ ਮੰਤਰੀ ਇਨ੍ਹਾਂ ਫੰਡਾਂ ਨੂੰ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੱਸ ਕੇ ਜਨਤਾ ਨੂੰ ਗੁੰਮਰਾਹ ਕਰ ਰਹੇ ਹਨ।

ਕੈਂਥ ਨੇ ਸਪੱਸ਼ਟ ਕੀਤਾ ਕਿ ਇਹ ਫੰਡ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੁਆਰਾ 70:20:10 ਦੇ ਅਨੁਪਾਤ ਵਿੱਚ ਸਿੱਧੇ ਤੌਰ 'ਤੇ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਫੰਡਾਂ ਦੀ ਵਰਤੋਂ ਦੀ ਨਿਗਰਾਨੀ ਇੱਕ ਡਿਜੀਟਲਾਈਜ਼ਡ, ਪਾਰਦਰਸ਼ੀ ਪ੍ਰਣਾਲੀ ਰਾਹੀਂ ਕੀਤੀ ਜਾਂਦੀ ਹੈ।

ਭਾਜਪਾ ਨੇਤਾ ਕੈਂਥ ਨੇ ਪੰਜਾਬ ਸਰਕਾਰ 'ਤੇ ਮਾੜੀ ਵਿੱਤੀ ਸਥਿਤੀ ਅਤੇ ਕੇਂਦਰ ਸਰਕਾਰ ਦੁਆਰਾ ਪ੍ਰਦਾਨ ਕੀਤੇ ਗਏ ਫੰਡਾਂ ਦਾ ਰਾਜਨੀਤੀਕਰਨ ਕਰਨ ਦਾ ਦੋਸ਼ ਲਗਾਇਆ, ਅਜਿਹੇ ਵਿਵਹਾਰ ਨੂੰ ਨਿੰਦਣਯੋਗ ਕਿਹਾ। ਇਹ 332 ਕਰੋੜ ਰੁਪਏ ਦੇ ਫੰਡ ਵਿਸ਼ੇਸ਼ ਤੌਰ 'ਤੇ ਪੰਜਾਬ ਵਿੱਚ ਪੇਂਡੂ ਵਿਕਾਸ, ਸੈਨੀਟੇਸ਼ਨ ਅਤੇ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਹਨ।

# ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਹਵਾ ਪ੍ਰਦੂਸ਼ਣ ਵਿਰੁੱਧ ਹੈਲਥ ਐਡਵਾਇਜਰੀ

**ਪਟਿਆਲਾ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਵਾ ਪ੍ਰਦੂਸ਼ਣ ਦੀ ਗੰਭੀਰਤਾ ਦੇ ਮੱਦੇ ਨਜ਼ਰ ਸਿਵਿਲ ਸਰਜਨ ਡਾ.ਸੰਜੇ ਕਾਮਰਾ ਨੇ ਲੋਕਾਂ ਨੂੰ ਚੌਕਸ ਰਹਿਣ ਅਤੇ ਜਰੂਰੀ ਸਾਵਧਾਨੀਆਂ ਵਰਤਨ ਸਬੰਧੀ ਅਪੀਲ ਕਰਦਿਆਂ ਕਿਹਾ ਕਿ ਸਿਹਤਮੰਦ ਸਮਾਜ ਦੀ ਸਿਰਜਣਾ ਵਾਸਤੇ ਵਾਤਾਵਰਣ ਦਾ ਸਾਫ ਅਤੇ ਸਵੱਛ ਹੋਣਾ ਬਹੁਤ ਜਰੂਰੀ ਹੈ। ਸਿਵਲ ਸਰਜਨ ਡਾ.ਸੰਜੇ ਕਾਮਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਵਾ ਪ੍ਰਦੂਸ਼ਣ ਦਾ ਛੋਟੇ ਬੱਚਿਆਂ ,ਗਰਭਵਤੀ ਔਰਤਾਂ, 60 ਸਾਲ ਤੋਂ ਉੱਪਰ ਉਮਰ ਦੇ ਬਜ਼ੁਰਗਾਂ, ਸ਼ੂਗਰ, ਸਾਹ, ਦਮਾ, ਦਿਲ ਦੀਆਂ ਬਿਮਾਰੀਆਂ ਆਦਿ ਤੋਂ ਪੀੜਤ ਮਰੀਜਾ ਦੀ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ। ਉਹਨਾਂ ਦੱਸਿਆ ਕਿ ਹਵਾ ਪ੍ਰਦੂਸ਼ਣ ਨਾਲ ਖੰਘ, ਸਾਹ ਚੜਨਾ, ਨਜਲਾ, ਜੁਕਾਮ, ਅੱਖਾਂ ਵਿੱਚ ਲਾਲੀ, ਖਾਰਿਸ਼ ਘਬਰਾਹਟ ਵਰਗੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਇਸ ਲਈ ਛੋਟੇ ਬੱਚਿਆਂ, ਬਜ਼ੁਰਗਾਂ, ਗਰਭਵਤੀ ਔਰਤਾਂ ਤੇ ਜਿਆਦਾ ਸਮੇਂ ਤੋਂ ਬਿਮਾਰੀ ਤੋਂ ਪੀੜਤ ਮਰੀਜਾ ਨੂੰ ਬਾਹਰੀ ਗਤੀਵਿਧੀਆਂ ਤੋਂ ਬਚਣਾ ਚਾਹੀਦਾ ਹੈ। ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਾਉਣਾ ਚਾਹੀਦਾ ਹੈ। ਸਿਵਲ ਸਰਜਨ ਨੇ ਦੱਸਿਆ ਕਿ ਹਵਾ ਪ੍ਰਦੂਸ਼ਣ ਦੌਰਾਨ ਖਾਸ ਕਰਕੇ ਸਵੇਰੇ ਸ਼ਾਮ ਬਾਹਰੀ ਗਤੀਵਿਧੀਆਂ ਤੋਂ ਪਰਹੇਜ ਕਰਨਾ ਚਾਹੀਦਾ ਹੈ ,ਬਾਹਰ ਜਾਣ ਸਮੇਂ ਮਾਸਕ ਦੀ ਵਰਤੋਂ ਅਤੇ ਪੂਰਾ ਤਨ ਢਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ। ਸੰਤੁਲਿਤ ਖੁਰਾਕ ਦੀ ਵਰਤੋਂ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਮਸ਼ੀਨਰੀ ਦੀ ਜਗ੍ਹਾ ਹੱਥੀ ਕੰਮ ਕਰਨ ਨੂੰ ਤਵੱਜੋ ਦੇਣੀ ਚਾਹੀਦੀ ਹੈ। ਜਿੰਨਾ ਜਿਆਦਾ ਹੋ ਸਕੇ ਪੈਟਰੋਲ ਡੀਜ਼ਲ ਨਾਲ ਚੱਲਣ ਵਾਲੇ ਦੋ ਪਹੀਆ ਅਤੇ ਚਾਰ ਪਹੀਆ ਵਾਹਨਾਂ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਵੇ। ਵੱਧ ਤੋਂ ਵੱਧ ਸਾਈਕਲਾਂ ਦੀ ਵਰਤੋਂ ਕੀਤੀ ਜਾਵੇ। ਪਰਾਲੀ ਨੂੰ ਅੱਗਾਂ ਨਾ ਲਾਈਆਂ ਜਾਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਹਨ।

# ਬੁੱਧੀਜੀਵੀ ਅਤਿਵਾਦੀ ਗਰਾਊਂਡ 'ਤੇ ਕੰਮ ਕਰਨ ਵਾਲਿਆਂ ਨਾਲੋਂ ਵੱਧ ਖ਼ਤਰਨਾਕ: ਦਿੱਲੀ ਪੁਲੀਸ

**ਨਵੀਂ ਦਿੱਲੀ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਪੁਲੀਸ ਨੇ ਸੁਪਰੀਮ ਕੋਰਟ ਵਿੱਚ ਫਰਵਰੀ 2020 ਦੇ ਦੰਗਿਆਂ ਦੇ ਮਾਮਲੇ ਵਿੱਚ ਕਾਰਕੁਨਾਂ ਉਮਰ ਖਾਲਿਦ, ਸ਼ਰਜੀਲ ਇਮਾਮ ਅਤੇ ਹੋਰਾਂ ਦੀਆਂ ਜ਼ਮਾਨਤ ਅਰਜ਼ੀਆਂ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਜਦੋਂ ਬੁੱਧੀਜੀਵੀ ਅਤਿਵਾਦੀ ਬਣ ਜਾਂਦੇ ਹਨ, ਤਾਂ ਉਹ ਜ਼ਮੀਨ 'ਤੇ ਕੰਮ ਕਰਨ ਵਾਲਿਆਂ ਨਾਲੋਂ ਜ਼ਿਆਦਾ ਖ਼ਤਰਨਾਕ ਹੋ ਜਾਂਦੇ ਹਨ। ਪੁਲੀਸ ਨੇ ਕਿਹਾ ਕਿ ਹੁਣ ਡਾਕਟਰਾਂ ਅਤੇ ਇੰਜੀਨੀਅਰਾਂ ਦਾ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਇੱਕ ਰੁਝਾਨ ਬਣ ਗਿਆ ਹੈ। ਦਿੱਲੀ ਪੁਲਿਸ ਵੱਲੋਂ ਪੇਸ਼ ਹੋਏ ਐਡੀਸ਼ਨਲ ਸੌਲੀਸਿਟਰ ਜਨਰਲ ਐੱਸ ਵੀ ਰਾਜੂ ਨੇ ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਦੇ ਬੈਂਚ ਨੂੰ ਦੱਸਿਆ ਕਿ ਮੁਕੱਦਮੇ ਵਿੱਚ ਦੇਰੀ ਦਾ ਕਾਰਨ ਮੁਲਜ਼ਮ ਹਨ ਹੈ ਅਤੇ ਉਹ ਇਸਦਾ ਫਾਇਦਾ ਨਹੀਂ ਉਠਾ ਸਕਦੇ।

ਰਾਜੂ ਨੇ ਸੁਪਰੀਮ ਕੋਰਟ ਵਿੱਚ ਨਾਗਰਿਕਤਾ ਸੋਧ ਐਕਟ (311) ਵਿਰੁੱਧ ਇਮਾਮ ਵੱਲੋਂ ਦਿੱਤੇ ਗਏ ਭੜਕਾਊ ਭਾਸ਼ਣਾਂ ਦੀਆਂ ਵੀਡੀਓਜ਼ ਦਿਖਾਈਆਂ।

ਵੀਡੀਓਜ਼ ਵਿੱਚ ਇਮਾਮ ਨੂੰ ਫਰਵਰੀ 2020 ਦੇ ਦੰਗਿਆਂ ਤੋਂ ਪਹਿਲਾਂ 2019 ਅਤੇ 2020 ਵਿੱਚ ਚਕਹੰਡ, ਜਾਮੀਆ, ਅਲੀਗੜ੍ਹ ਅਤੇ ਆਸਨਸੋਲ ਵਿਖੇ ਭਾਸ਼ਣ ਦਿੰਦੇ ਦਿਖਾਇਆ ਗਿਆ। ਇਹ ਦੱਸਦੇ ਹੋਏ ਕਿ ਇਮਾਮ ਇੱਕ ਇੰਜੀਨੀਅਰਿੰਗ ਗ੍ਰੈਜੂਏਟ ਹੈ, ਵਕੀਲ ਨੇ ਕਿਹਾ, ਅੱਜਕੱਲ੍ਹ ਇੱਕ ਰੁਝਾਨ ਹੈ ਕਿ ਡਾਕਟਰ, ਇੰਜੀਨੀਅਰ ਆਪਣੇ ਪੇਸ਼ੇ ਨਹੀਂ ਕਰ ਰਹੇ ਪਰ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋ ਰਹੇ ਹਨ। ਰਾਜੂ ਨੇ ਅੱਗੇ ਕਿਹਾ, ਇਹ ਕੋਈ ਸਾਧਾਰਨ ਵਿਰੋਧ ਪ੍ਰਦਰਸ਼ਨ ਨਹੀਂ ਹੈ। ਇਹ ਹਿੰਸਕ ਵਿਰੋਧ ਪ੍ਰਦਰਸ਼ਨ ਹਨ। ਉਹ ਨਾਕਾਬੰਦੀਆਂ ਦੀ ਗੱਲ ਕਰ ਰਹੇ ਹਨ। ਇਸ ਮੌਕੇ ਜਸਟਿਸ ਕੁਮਾਰ ਨੇ ਪੁੱਛਿਆ ਕਿ ਕੀ ਇਹ ਭਾਸ਼ਣ ਚਾਰਜਸ਼ੀਟ ਦਾ ਹਿੱਸਾ ਸਨ, ਜਿਸ 'ਤੇ ਰਾਜੂ ਨੇ ਹਾਂ ਵਿੱਚ ਜਵਾਬ ਦਿੱਤਾ। ਏ ਐੱਸ ਜੀ ਨੇ ਕਿਹਾ ਕਿ ਅੰਤਰਰਾਸ਼ਟਰੀ ਮੀਡੀਆ ਕਵਰੇਜ ਹਾਸਲ ਕਰਨ ਲਈ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਰਤ ਦੌਰੇ ਦੇ ਸਮੇਂ ਸੀਏਏ ਵਿਰੋਧ ਪ੍ਰਦਰਸ਼ਨ ਕੀਤੇ ਗਏ ਸਨ। ਰਾਜੂ ਨੇ ਕਿਹਾ, "ਅੰਤਿਮ ਇਰਾਦਾ ਸੱਤਾ ਤਬਦੀਲੀ ਹੈ। ਸੀਏਏ ਵਿਰੋਧ ਪ੍ਰਦਰਸ਼ਨ ਇੱਕ ਧੋਖਾ ਸੀ, ਅਸਲ ਉਦੇਸ਼ ਸੱਤਾ ਤਬਦੀਲੀ ਕਰਨਾ, ਆਰਥਿਕ ਘਾਟ ਪੈਦਾ ਕਰਨਾ ਅਤੇ ਦੇਸ਼ ਭਰ ਵਿੱਚ ਅਫਰਾ-ਤਫਰੀ ਮਚਾਉਣਾ ਸੀ।

# ਜਨਰਲ ਹਾਊਸ 'ਚ 2 ਮਤਿਆਂ ਨੂੰ ਛੱਡ ਬਾਕੀ ਸਰਬਸੰਮਤੀ ਨਾਲ ਪਾਸ

**ਪਟਿਆਲਾ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਦੇ ਜਰਨਲ ਹਾਊਸ 'ਚ ਲਿਆਂਦੇ ਮਤਿਆਂ 'ਚੋਂ ਦੋ ਨੂੰ ਛੱਡ ਬਾਕੀ ਸਰਬਸੰਮਤੀ ਨਾਲ ਪਾਸ ਕਰ ਦਿੱਤੇ ਗਏ। ਇਸ ਤੋਂ ਇਲਾਵਾ ਵਿਸ਼ਵਕਰਮਾ ਕਮਿਊਨਿਟੀ ਸੈਂਟਰ, ਨਿਗਮ ਚ ਬਣੇ ਨਵੇਂ ਆਡੀਟੋਰੀਅਮ ਦਾ ਨਾਂਅ ਮਬਦਲ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ * ਨਾਂਅ ਉੱਪਰ ਰਖਣ, ਕੌਂਸਲਰ ਦੀ ਤਨਖਾਹ 35 ਹਜ਼ਾਰ ਅਤੇ ਮੇਅਰ ਦੀ ਤਨਖ਼ਾਹ 75 .ਹਜ਼ਾਰ ਰੁਪਏ, ਕਰਨ, ਡੀ.ਐਲ.ਐਫ. ਕਾਲੋਨੀ ਨੂੰ ਟੀ. ਪੀ. ਸਕੀਮ ਅਧੀਨ ਲਿਆਉਣ ਦੇ ਮਤੇ ਵੀ ਲਿਆਂਦੇ ਗਏ, ਜਿਨ੍ਹਾਂ ਨੂੰ ਵੀ ਸਰਬਸੰਮਤੀ ਨਾਲ ਪਾਸ ਕਰਨ ਦੀ ਹਾਮੀ ਭਰਦਿਆਂ ਅਗਲੇਰੀ ਕਰਵਾਈ ਲਈ ਵਧਾ ਦਿੱਤਾ ਗਿਆ।

ਜਰਨਲ ਹਾਊਸ 'ਚ ਭਵਿੱਖ ਵਿਚ ਇੰਟਰ ਲਾਕਿੰਗ ਟਾਈਲਾਂ ਸੜਕਾਂ ਆਦਿ ਬਣਾਉਣ 'ਤੇ ਰੋਕ ਲਗਾ ਦਿੱਤੀ ਗਈ ਕਿਉਂਕਿ ਇਸ ਦੇ ਮੁਕਾਬਲੇ ਸੀ. ਸੀ. ਫਲੋਰਿੰਗ ਤੇ ਪ੍ਰੀਮਿਕਸ ਨਾਲ ਬਣੀਆਂ ਗਿਆ ਇਸ ਤੇਲ ਵਾਸ਼ਿੰਦੇ ਦੱਸਿਆ ਆਉਂਦੀਆਂ ਸੜਕਾਂ ਨੂੰ ਚੌੜਾ ਕਰਨ ਲਈ ਲਿਆਂਦੇ ਮਤੇ ਨੂੰ ਵੀ ਵਿਚਾਰ ਲਈ ਅੱਗੇ ਪਾਇਆ ਗਿਆ। ਹਾਊਸ ਦੀ ਬੈਠਕ 'ਚ ਮੇਅਰ ਤੇ ਕਮਿਸ਼ਨਰ ਕਈ ਵਾਰ ਅਨੁਸ਼ਾਸਨ ਬਣਾ ਕੇ ਰੱਖਣ ਅਤੇ ਮੱਛੀ ਮੰਡੀ ਵਰਗਾ ਮਾਹੌਲ ਨਾ ਬਣਾਉਣ ਦੀ ਗੱਲ ਕਹਿੰਦੇ ਸੁਣੇ ਗਏ। ਦੱਸਣਯੋਗ ਹੈ ਕਿ ਵਿਧੀਵਤ ਤਰੀਕੇ ਨਾਲ ਲਿਆਂਦੇ ਗਏ ਮਤਿਆਂ 'ਚੋਂ ਪਹਿਲਾਂ ਮਤਾ ਇਕਠੇ ਹੀ ਰੱਦ ਕਰਨ ਦੀ ਮੰਗ ਕਰਦਿਆਂ ਹਾਕਮ ਧਿਰ ਅਤੇ ਵਿਰੋਧੀ ਧਿਰ ਵਲੋਂ ਵਿਰੋਧ ਕੀਤਾ, ਜਿਸ ਨੂੰ ਰੱਦ ਕਰਨ ਦਾ ਐਲਾਨ ਵੀ ਮੌਕੇ 'ਤੇ ਹੀ ਕਰ ਦਿੱਤਾ। ਇਸ ਮਤੇ ਦਾ ਵਿਰੋਧ ਕੌਂਸਲਰ ਜਸਬੀਰ ਸਿੰਘ ਰੱਦ ਕਰਨ ਦੀ ਮੰਗ ਕੀਤੀ। ਜਿਸ 'ਚ ਮਾਡਲ ਟਾਊਨ ਇਲਾਕੇ ਵਿਚ ਨਗਰ ਨਿਗਮ ਦੀਆਂ ਕਈ ਸ਼ਾਖਾਵਾਂ ਦੇ ਦਫ਼ਤਰ ਤਬਦੀਲ ਕਰਨਾ ਸੀ, ਜਿਸ ਨੂੰ ਆਲੇ-ਦੁਆਲੇ ਰਿਹਾਇਸ਼ੀ ਕਾਲੋਨੀਆਂ ਹੋਣ ਤੇ ਭਵਿੱਖ 'ਚ ਆਵਾਜਾਈ ਦੀ ਸਮੱਸਿਆ ਵਿਰਾਟ ਹੋਣ ਦੀ ਗੱਲ ਕਹੀ ਗਈ ਜਿਸ ਨੂੰ ਮੌਕੇ 'ਤੇ ਖ਼ਾਰਜ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਕਮਿਸ਼ਨਰ ਨਗਰ ਨਿਗਮ ਪਰਮਜੀਤ ਸਿੰਘ ਨੇ ਵੀ ਖਾਲੀ ਪਲਾਟਾਂ ਕਾਰਨ ਗੰਦਗੀ ਤੇ ਸ਼ਹਿਰ 'ਚ ਡੇਅਰੀਆਂ ਚਲਾ ਕੇ ਵੱਡੀ ਸਮੱਸਿਆ ਦਾ ਕਾਰਨ ਬਣਨ ਵਾਲਿਆ ਖਿਲਾਫ਼ ਕਾਰਵਾਈ ਅਮਲ 'ਚ ਲਿਆਉਣ ਦਾ ਵਾਅਦਾ ਕੀਤਾ, ਜਿਸ 'ਤੇ ਕੌਂਸਲਰਾਂ ਵਲੋਂ ਵੀ ਭਰਿਆ ਗਿਆ। ਮੇਅਰ ਕੁੰਦਨ ਗੋਗੀਆ ਵਲੋਂ ਵੀ ਹਾਉਸ 'ਚ ਦੱਸਿਆ ਗਿਆ ਕਿ ਉਨ੍ਹਾਂ ਕੋਲ ਰਾਮਗੜੀਆ ਬਾਰਾਦਰੀ ਦਾ ਵਫ਼ਦ ਆਪਣੀ ਮੰਗ ਲੈ ਕੇ ਜਿਸ ਦਿਨ ਮਿਲਿਆ ਸੀ ਉਦੇ ਦਿਨ ਉਨ੍ਹਾਂ ਲਈ ਰਾਮਗੜੀਆ ਕਮਿਊਨਿਟੀ ਸੈਂਟਰ ਬਣਾਉਣ ਦਾ ਵਾਅਦਾ ਕਰ ਦਿੱਤਾ ਗਿਆ ਸੀ। ਜਿਸ ਨੂੰ ਅੱਜ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਵਲੋਂ ਉਚੇਚੇ ਤੌਰ 'ਤੇ ਹਾਊਸ 'ਚ ਆ ਕੇ ਰੱਖਿਆ ਗਿਆ, ਜਿਸ ਦਾ ਧੰਨਵਾਦ ਕਰਦੇ ਹਨ। ਕਈ ਮਹਿਲਾਂ ਕੌਂਸਲਰਾਂ ਵਲੋਂ ਵੀ ਇੰਜੀਨੀਅਰਿੰਗ ਸ਼ਾਖਾ ਜਾਂ ਇਸ ਅਧੀਨ ਕੰਮ ਕਰਦੇ ਠੇਕੇਦਾਰਾਂ ਵਲੋਂ ਗੱਲ ਨਾ ਸੁਣੇ ਜਾਣ ਦੀ ਸ਼ਿਕਾਇਤ ਕੀਤੀ ਗਈ। ਜਿਸ ਦਾ ਮੇਅਰ ਕੁੰਦਨ ਗੋਗੀਆ ਨੇ ਸਖ਼ਤ ਨੋਟਿਸ ਲੈਂਦਿਆਂ ਅੱਗੋਂ ਜਨਤਕ ਨੁਮਾਇੰਦਿਆਂ ਦੀ ਗੱਲ ਨਾ ਸੁਣ ਵਾਲੇ ਅਧਿਕਾਰੀ ਖਿਲਾਫ਼ ਲਿਖਤੀ ਕਾਰਵਾਈ ਦਾ ਭਰੋਸਾ ਦਿੱਤਾ। ਇਸ ਮੌਕੇ ਜਗਤਾਰ ਸਿੰਘ ਤਾਰੀ, ਹਰਵਿੰਦਰ ਸ਼ੁਕਲਾ, ਜਤਿੰਦਰ ਕੌਰ, ਮਨਦੀਪ ਕੌਰ, ਦਵਿੰਦਰ ਕੌਰ, ਤਜਿੰਦਰ ਮਹਿਤਾ, ਰਣਜੀਤ ਸਿੰਘ, ਅਨੁਜ ਖੋਸਲਾ, ਕ੍ਰਿਸਨ ਚੰਦ ਬੁੱਧੂ, ਰਜੇਸ਼ ਕੁਮਾਰ, ਰਾਜੂ ਸਾਹਨੀ, ਜਗਮੋਹਨ ਸਿੰਘ ਤੇ ਹੋਰ ਹਾਜ਼ਰ ਸਨ।

ਕੌਂਸਲਰ' ਹਰਪਾਲ ਜੁਨੇਜਾ ਵਲੋਂ ਨਗਰ ਨਿਗਮ ਦੇ ਜਰਨਲ ਹਾਊਸ 'ਚ ਮਾਤਾ ਮਹਿੰਦਰ ਕੌਰ ਪਾਰਕ ਵਿਚ ਬਣਾਉਣ ਤੇ ਨਗਰ ਮਿਗੀਆਂ ਚ ਬਣੇ ਨਵ ਨਵੇਂ ਆਡੀਟੋਰੀਅਮ ਦਾ ਨਾਂਅ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਂਅ 'ਤੇ ਰੱਖਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਏਜੰਡੇ 'ਤੇ ਚੱਲਦਿਆਂ ਬਗੈਰ ਭੇਦ-ਭਾਵ ਦੇ ਨਗਰ ਨਿਗਮ ਦਾ ਜਰਨਲ ਹਾਊਸ ਖ਼ਾਸ ਕਰ ਮੇਅਰ ਕੁੰਦਨ ਗੋਗੀਆ ਕੰਮ ਕਰ ਰਹੇ ਹਨ। ਅੱਜ ਵਿਸ਼ੇਸ਼ ਤੌਰ 'ਤੇ ਨਗਰ ਨਿਗਮ ਦੇ ਜਰਨਲ ਹਾਊਸ 'ਚ ਵਧਚਕ ਵਿਸ਼ਵਕਰਮਾ ਕਮਿਊਨਿਟੀ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਹਾਲ ਲਈ ਜ਼ਮੀਨ ਅਲਾਟ ਹੋਣ 'ਤੇ ਧੰਨਵਾਦ ਕੋਮਿਊਨਿਟੀ ਚੱਲ ਮਾਤਾ ਮਹਿੰਦਰ ਕੌਰ ਪਾਰਕ ਵਿਚ ਬਣਾਉਣ ਦੀ ਮੰਗ ਕੀਤੀ। ਇਸ ਤੋਂ ਇਲਾਵਾ ਨਗਰ ਨਿਗਮ ਦੇ ਨਵੇਂ ਆਡੀਟੋਰੀਅਮ ਹਾਲ ਦਾ ਨਾਂਅ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਂਅ 'ਤੇ ਰੱਖਣ ਦੀ ਮੰਗ ਕੀਤੀ, ਜਿਸ ਨੂੰ ਮੇਅਰ ਕੁੰਦਨ ਗੋਗੀਆ ਤੇ ਸਾਰੇ ਹਾਊਸ ਨੇ ਪਰਵਾਨ ਕਰ ਲਿਆ।

# ਪੰਚਕੂਲਾ ਸ਼ਹਿਰ ਨੂੰ ਆਧੁਨਿਕ ਸ਼ਹਿਰੀ ਸਹੂਲਤਾਂ ਨਾਲ ਲੈਸ ਮਾਡਲ ਸ਼ਹਿਰ ਵਜੋਂ ਵਿਕਸਿਤ ਕਰਨਾ ਸਰਕਾਰ ਦੀ ਪਹਿਲ : ਮੁੱਖ ਮੰਤਰੀ

**➢ਪੰਚਕੂਲਾ ਦੇ ਸਮੂਚੇ ਵਿਕਾਸ ਨੂੰ ਲੈ ਕੇ ਮੁੱਖ ਮੰਤਰੀ ਨੇ ਪੀਐਮਡੀਏ ਦੇ ਅਧਿਕਾਰੀਆਂ ਦੇ ਨਾਲ ਕੀਤੀ ਮੀਟਿੰਗ ➢ ਸ਼ਹਿਰ ਵਿੱਚ ਸਵੱਛਤਾ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਨਾਉਣ ਦੇ ਦਿੱਤੇ ਨਿਰਦੇਸ਼**

**ਚੰਡੀਗੜ੍ਹ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਚਕੂਲਾ ਸ਼ਹਿਰ ਨੂੰ ਆਧੁਨਿਕ ਸ਼ਹਿਰੀ ਸਹੂਲਤਾਂ ਨਾਲ ਲੈਸ ਇੱਕ ਮਾਡਲ ਸ਼ਹਿਰ ਵਜੋ ਵਿਕਸਿਤ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ। ਇਸ ਦੇ ਲਈ ਪੰਚਕੂਲਾ ਮਹਾਨਗਰ ਵਿਕਾਸ ਅਥਾਰਿਟੀ (ਪੀਐਮਡੀਏ) ਵੱਲੋਂ ਸ਼ਹਿਰ ਦੇ ਢਾਂਚਾਗਤ ਵਿਕਾਸ ਦੇ ਨਾਲ-ਨਾਲ ਹੋਰ ਸਹੂਲਤਾਂ ਨੂੰ ਮਜਬੂਤ ਕਰਨ 'ਤੇ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਪੰਚਕੂਲਾ ਦੇ ਸਮੂਚੇ ਵਿਕਾਸ, ਸਵੱਛਤਾ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਨਾਉਣ ਲਈ ਦਿਸ਼ਾ-ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਵੀਰਵਾਰ ਦੇਰ ਸ਼ਾਮ ਪੰਚਕੂਲਾ ਮਹਾਨਗਰ ਵਿਕਾਸ ਅਥਾਰਿਟੀ (ਪੀਐਮਡੀਏ) ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਉਨ੍ਹਾਂ ਨੇ ਪੰਚਕੂਲਾ ਦੇ ਸਮੂਚੇ ਵਿਕਾਸ, ਸਵੱਛਤਾ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਨਾਉਣ ਲਈ ਦਿਸ਼ਾ-ਨਿਰਦੇਸ਼ ਦਿੱਤੇ।

**ਸ਼ਹਿਰ ਵਿੱਚ ਗੁਣਵੱਤਾਪੂਰਣ, ਸੁਰੱਖਿਅਤ ਅਤੇ ਸੁਗਮ ਸੜਕ ਨੈਟਵਰਕ ਵਿਕਸਿਤ ਕੀਤਾ ਜਾਵੇ**

ਮੁੱਖ ਮੰਤਰੀ ਨੇ ਸਪਸ਼ਟ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸ਼ਹਿਰ ਦੀ ਸਾਰੀ ਸੜਕਾਂ ਦੀ ਸਥਿਤੀ ਬਿਹਤਰ ਹੋਣੀ ਬਹੁਤ ਜਰੂਰੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਥਾਂਵਾਂ 'ਤੇ ਸੜਕਾਂ ਚਰਾਬ ਹਨ ਜਾਂ ਮੁਰੰਮਤ ਦੀ ਜਰੂਰਤ ਹੈ, ਉਨ੍ਹਾਂ ਨੂੰ ਪ੍ਰਾਥਮਿਕਤਾ ਆਧਾਰ 'ਤੇ ਤੁਰੰਤ ਠੀਕ ਕੀਤਾ ਜਾਵੇ। ਪੂਰੇ ਸ਼ਹਿਰ ਵਿੱਚ ਗੁਣਵੱਤਾਪੂਰਣ, ਸੁਰੱਖਿਅਤ ਅਤੇ



ਸੁਗਮ ਸੜਕ ਨੈਟਵਰਕ ਵਿਕਸਿਤ ਕੀਤਾ ਜਾਵੇ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਪੰਚਕੂਲਾ ਵਿੱਚ ਸਵੱਛਤਾ 'ਤੇ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਉਨ੍ਹਾਂ ਨੇ ਸ਼ਹਿਰ ਦੇ ਪਾਰਕਾਂ, ਸੜਕਾਂ ਅਤੇ ਪਬਲਿਕ ਥਾਂਵਾਂ ਦੇ ਸੁੰਦਰੀਕਰਣ 'ਤੇ ਜੋਰ ਦਿੰਦੇ ਹੋਏ ਫੁੱਟਪਾਥਾਂ ਦੀ ਮੁਰੰਮਤ ਤੇ ਰੱਖਰਖਾਵ ਅਤੇ ਸੜਕਾਂ ਦੀ ਗੁਣਵੱਤਾ ਸੁਧਾਰ ਨੂੰ ਪ੍ਰਾਥਮਿਕਤਾ ਦੇਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਕਿਹਾ ਕਿ ਜੇਕਰ ਕਿਤੇ ਅਵਾਰਾ ਪਸ਼ੂਆਂ ਦੀ ਸਮਸਿਆ ਹੈ, ਤਾਂ ਉਸ ਦਾ ਤੁਰੰਤ ਹੱਲ ਕੀਤਾ ਜਾਵੇ। ਸ਼ਹਿਰ ਦੇ ਚੌਕ-ਚੌਰਾਹਿਆਂ ਨੂੰ ਆਕਰਸ਼ਕ ਤੇ ਸਹੀ ਢੰਗ ਲਾਲ ਬਨਾਉਣ 'ਤੇ ਵੀ ਜੋਰ ਦਿੱਤਾ ਗਿਆ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਪੰਚਕੂਲਾ ਖੇਤਰ ਦੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੌਸ਼ਲਿਆ ਡੈਮ ਵਿੱਚ ਕਾਫੀ ਪਾਣੀ ਦੀ ਸਪਲਾਈ ਯਕੀਨੀ ਕੀਤੀ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹਿਰੀ ਖੇਤਰਾਂ ਦੇ ਸੁੰਦਰੀਕਰਣ ਨੂੰ ਨਵੀਂ ਦਿਸ਼ਾ ਦੇਣ ਲਈ ਚੌਕ-ਚੌਰਾਹਿਆਂ, ਗ੍ਰੀਨ ਬੇਲਟ ਅਤੇ ਪਾਰਕਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਦੇ ਤਹਿਤ ਵੱਖ-ਵੱਖ ਕਿਸਮਾਂ ਦੇ ਆਕਰਸ਼ਕ ਫੁੱਲਾਂ ਦਾ ਰੋਪਣ ਕਰ ਪਬਲਿਕ ਥਾਂਵਾਂ ਨੂੰ ਵੱਧ ਮਨਮੋਹਕ ਬਣਾਇਆ ਜਾਵੇ। ਨਾਲ ਹੀ, ਗ੍ਰੀਨ ਬੇਲਟ ਦੀ ਸੁੰਦਰਤਾ ਵਧਾਉਣ ਲਈ ਨਿਯਮਤ ਰੂਪ ਨਾਲ ਪੌਧਿਆਂ ਦੀ ਦੇਖਭਾਲ ਅਤੇ ਪੇੜਾਂ ਦੀ ਕਟਾਈ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਨਾ ਸਿਰਫ ਸ਼ਹਿਰ ਦਾ ਸੁੰਦਰੀਕਰਣ ਹੋਵੇਗਾ ਸਗੋ ਨਾਗਰਿਕਾਂ ਨੂੰ ਸਵੱਛ, ਹਰਿਤ ਅਤੇ ਸਿਹਤਮੰਦ ਵਾਤਾਵਰਣ ਵੀ ਪ੍ਰਾਪਤ ਹੋਵੇਗਾ।

**45.14 ਕਰੋੜ ਰੁਪਏ ਦੀ ਲਾਗਤ ਨਾਲ ਸ਼ਹਿਰ ਵਿੱਚ ਵਿਕਾਸ ਕੰਮ ਪ੍ਰਗਤੀ 'ਤੇ**

ਮੀਟਿੰਗ ਦੌਰਾਨ ਪੰਚਕੂਲਾ ਮਹਾਨਗਰ ਵਿਕਾਸ ਅਥਾਰਿਟੀ (ਪੀਐਮਡੀਹੇ) ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀ ਕੇ ਮਕਰੰਦ ਪਾਂਡੂਰੰਗ ਨੇ ਜਾਣਕਾਰੀ ਦਿੱਤੀ ਕਿ ਸੈਕਟਰ 32, ਪੰਚਕੂਲਾ ਵਿੱਚ ਵਲਡ ਕਲਾਸ ਸ਼ੂਟਿੰਗ ਰੇਂਜ ਸਪੋਰਟਸ ਕੰਪਲੈਕਸ ਦੇ ਨਿਰਮਾਣ ਲਈ 173.48 ਕਰੋੜ ਰੁਪਏ ਦੀ ਪ੍ਰਸ਼ਾਸ਼ਨਿਕ ਮੰਜੂਰੀ ਪ੍ਰਦਾਨ ਕਰ ਦਿੱਤੀ ਗਈ ਹੈ ਅਤੇ ਅਗਾਮੀ ਪ੍ਰਕ੍ਰਿਆਵਾਂ ਜਲਦੀ ਪੂਰੀਆਂ ਕੀਤੀਆਂ ਜਾਣਗੀਆਂ।

ਮੀਟਿੰਗ ਵਿੱਚ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਪੀਐਮਡੀਏ ਨੂੰ 58 ਸੜਕਾਂ, 11 ਪਾਰਕਾਂ, 3 ਵਾਟਰ ਟ੍ਰੀਟਮੈਂਟ ਪਲਾਂਟ ਅਤੇ 3 ਸੀਵਰੇਜ ਟ੍ਰੀਟਮੈਂਟ ਪਲਾਂਟ ਹੈਂਡਓਵਰ ਕੀਤੇ ਗਏ ਸਨ। ਸੜਕਾਂ ਦੀ ਮੁਰੰਮਤ, ਪਾਰਕਾਂ ਦਾ ਸੁੰਦਰੀਕਰਣ ਅਤੇ ਸਮੂਚੀ ਡ੍ਰੇਨੇਜ ਵਿਵਸਥਾ ਨਾਲ ਸਬੰਧਿਤ 34.94 ਕਰੋੜ ਰੁਪਏ ਦੀ ਲਾਗਤ ਨਾਲ 39 ਕੰਮ ਪੂਰੇ ਕੀਤੇ ਜਾ ਚੁੱਕੇ ਹਨ, ਜਦੋਂ ਕਿ 45.14 ਕਰੋੜ ਰੁਪਏ ਦੀ ਲਾਗਤ ਨਾਲ 59 ਕੰਮ ਮੌਜੂਦ ਵਿੱਚ ਪ੍ਰਗਤੀ 'ਤੇ ਹਨ। ਮੀਟਿੰਗ ਵਿੱਚ ਐਮਡੀਸੀ ਸੈਕਟਰ-1 ਵਿੱਚ ਪ੍ਰਸਤਾਵਿਤ ਅਟੱਲ ਪਾਰਕ 'ਤੇ ਵੀ ਵਿਸਤਾਰ ਚਰਚਾ ਕੀਤੀ ਗਈ।

# ਡਾਕਟਰਾਂ ਨੇ ਬੱਚੇ ਦੀ ਸੱਟ 'ਤੇ ਲਗਾਈ ਫੇਵਿਕਵਿੱਕ ; ਹਟਾਉਣ 'ਚ ਲੱਗੇ 3 ਘੰਟੇ

**ਮੇਰਠ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਰਠ ਵਿੱਚ ਇੱਕ ਡਾਕਟਰ ਦੀ ਹੈਰਾਨ ਕਰਨ ਵਾਲੀ ਲਾਪਰਵਾਹੀ ਸਾਹਮਣੇ ਆਈ ਹੈ। ਢਾਈ ਸਾਲ ਦੇ ਇੱਕ ਬੱਚੇ ਦੀ ਅੱਖ ਕੋਲ ਲੱਗੀ ਸੱਟ ਦਾ ਇਲਾਜ ਇਸ ਤਰੀਕੇ ਨਾਲ ਕੀਤਾ ਗਿਆ ਜਿਸ ਬਾਰੇ ਸੁਣ ਕੇ ਹਰ ਕੋਈ ਹੈਰਾਨ ਰਹਿ ਗਿਆ। ਬੱਚੇ ਨੂੰ ਟਾਂਕਿਆਂ ਦੀ ਲੋੜ ਸੀ, ਪਰ ਦੋਸ਼ ਹੈ ਕਿ ਡਾਕਟਰ ਨੇ ਜ਼ਖ਼ਮ ਨੂੰ 5 ਰੁਪਏ ਦੇ ਫੇਵੀਕਵਿੱਕ ਨਾਲ ਚਿਪਕਾ ਦਿੱਤਾ। ਨਤੀਜਾ ਇਹ ਹੋਇਆ ਕਿ ਬੱਚੇ ਨੂੰ ਸਾਰੀ ਰਾਤ ਦਰਦ ਹੁੰਦਾ ਰਿਹਾ ਅਤੇ ਅਗਲੇ ਦਿਨ ਦੂਜੇ ਹਸਪਤਾਲ ਦੇ ਡਾਕਟਰਾਂ ਨੂੰ ਫੇਵੀਕਵਿੱਕ ਨੂੰ ਹਟਾਉਣ ਵਿਚ ਪੂਰੇ ਤਿੰਨ ਘੰਟੇ ਲੱਗ ਗਏ ਤੇ ਬਾਅਦ ਵਿਚ ਟਾਂਕੇ ਲਾਏ ਗਏ।

ਇਹ ਅਜੀਬ ਮਾਮਲਾ ਮੇਰਠ ਦੇ ਜਾਗ੍ਰਿਤੀ ਵਿਹਾਰ ਐਕਸਟੈਂਸ਼ਨ ਵਿੱਚ ਸਥਿਤ ਮੈਪਲਜ਼ ਹਾਈਟਸ ਤੋਂ ਸਾਹਮਣੇ ਆਇਆ। ਫਾਈਨੈਂਸਰ ਸਰਦਾਰ ਜਸਵਿੰਦਰ ਸਿੰਘ ਦਾ ਢਾਈ ਸਾਲ ਦਾ ਪੁੱਤਰ ਮਨਰਾਜ ਸ਼ਾਮੀਂ ਘਰ ਵਿੱਚ ਖੇਡਦੇ ਸਮੇਂ ਇੱਕ ਮੇਜ਼ ਦੇ ਕੋਨੇ ਨਾਲ ਟਕਰਾ ਗਿਆ। ਸੱਟ ਅੱਖ ਦੇ ਬਿਲਕੁਲ ਨੇੜੇ ਲੱਗੀ ਅਤੇ ਖੂਨ ਵਗਣ ਪਿਆ। ਬੱਚੇ ਨੂੰ ਰੋਂਦੇ ਹੋਏ ਦੇਖ ਕੇ ਪਰਿਵਾਰ ਘਬਰਾ ਗਿਆ ਅਤੇ ਉਸਨੂੰ ਇਲਾਜ ਲਈ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਲੈ ਗਿਆ।

ਪਰਿਵਾਰ ਦਾ ਦੋਸ਼ ਹੈ ਕਿ ਉੱਥੇ ਦੇ ਡਾਕਟਰ ਨੇ ਨਾ ਤਾਂ ਜ਼ਖ਼ਮ ਦੀ ਸਹੀ ਢੰਗ ਨਾਲ ਜਾਂਚ ਕੀਤੀ ਅਤੇ ਨਾ ਹੀ ਮੁੱਢਲੀ ਸਹਾਇਤਾ ਕੀਤੀ। ਟਾਂਕੇ ਲਾਉਣ ਦੀ ਗੱਲ ਤਾਂ ਛੱਡੋ, ਉਸਨੇ ਮਾਪਿਆਂ ਨੂੰ ਬਾਹਰੋਂ ਪੰਜ ਰੁਪਏ ਦੀ ਫੇਵੀਕਵਿੱਕ ਲਿਆਉਣ ਲਈ ਕਿਹਾ। ਪਰਿਵਾਰ ਨੇ ਡਾਕਟਰ 'ਤੇ ਭਰੋਸਾ ਕਰਦੇ ਹੋਏ ਲੈ ਆਂਦਾ। ਜ਼ਖ਼ਮ ਨੂੰ ਸਾਫ਼ ਕਰਨ ਦੀ ਬਜਾਏ, ਡਾਕਟਰ ਨੇ ਕੱਟੇ ਹੋਏ ਹਿੱਸੇ ਨੂੰ ਫੇਵੀਕਵਿੱਕ ਨਾਲ ਚਿਪਕਾ ਦਿੱਤਾ। ਜਸਵਿੰਦਰ ਸਿੰਘ ਦਾ ਕਹਿਣਾ ਹੈ ਕਿ ਬੱਚਾ ਲਗਾਤਾਰ ਦਰਦ ਵਿੱਚ ਸੀ। ਡਾਕਟਰ ਨੇ ਉਨ੍ਹਾਂ ਨੂੰ ਵਾਰ-ਵਾਰ ਭਰੋਸਾ ਦਿੱਤਾ ਕਿ ਬੱਚਾ ਘਬਰਾ ਗਿਆ ਹੈ ਅਤੇ ਦਰਦ ਕੁਝ ਸਮੇਂ ਵਿੱਚ ਘੱਟ ਜਾਵੇਗਾ। ਪਰ ਘੱਟ ਹੋਣ ਦੀ ਬਜਾਏ, ਦਰਦ ਰਾਤ ਭਰ ਵਧਦਾ ਰਿਹਾ।

ਰਾਤ ਭਰ ਬੱਚੇ ਦੀ ਬੇਚੈਨੀ ਮਾਪਿਆਂ ਲਈ ਚਿੰਤਾਜਨਕ ਬਣ ਗਈ। ਸਵੇਰੇ ਉਹ ਉਸਨੂੰ ਦੂਜੇ ਹਸਪਤਾਲ ਲੈ ਗਏ। ਜਦੋਂ ਡਾਕਟਰਾਂ ਨੂੰ ਪਤਾ ਲੱਗਾ ਕਿ ਜ਼ਖ਼ਮ 'ਤੇ ਫੇਵੀਵਿੱਕ ਲਗਾਇਆ ਗਿਆ ਹੈ, ਤਾਂ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਥਿਤੀ ਬਹੁਤ ਖਤਰਨਾਕ ਹੋ ਸਕਦੀ ਹੈ। ਜੇ ਥੋੜ੍ਹੀ ਜਿਹੀ ਮਾਤਰਾ ਵੀ ਫੇਵੀਕਵਿੱਕ ਅੱਖ ਵਿੱਚ ਚਲੀ ਜਾਂਦੀ ਤਾਂ ਬੱਚੇ ਦੀ ਨਜ਼ਰ 'ਤੇ ਅਸਰ ਹੋ ਸਕਦਾ ਸੀ। ਹਸਪਤਾਲ ਦੇ ਡਾਕਟਰਾਂ ਨੂੰ ਫੇਵੀਕਵਿੱਕ ਨੂੰ ਹਟਾਉਣ ਲਈ ਲਗਭਗ ਤਿੰਨ ਘੰਟੇ ਲੱਗੇ। ਫਿਰ ਡਾਕਟਰਾਂ ਨੇ ਤੁਰੰਤ ਚਾਰ ਟਾਂਕੇ ਲਗਾਏ।

ਮੇਰਠ ਦੇ ਸੀਐਮਓ ਡਾ. ਅਸ਼ੋਕ ਕਟਾਰੀਆ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਿਹਾ, ਸਾਨੂੰ ਬੱਚੇ ਦੇ ਪਰਿਵਾਰ ਤੋਂ ਸ਼ਿਕਾਇਤ ਮਿਲੀ ਹੈ। ਇਹ ਬਹੁਤ ਹੀ ਸੰਵੇਦਨਸ਼ੀਲ ਅਤੇ ਚਿੰਤਾਜਨਕ ਮਾਮਲਾ ਹੈ। ਇੱਕ ਜਾਂਚ ਕਮੇਟੀ ਬਣਾਈ ਗਈ ਹੈ ਅਤੇ ਪੂਰੀ ਘਟਨਾ ਦੀ ਜਾਂਚ ਕਰ ਰਹੀ ਹੈ। ਰਿਪੋਰਟ ਤੋਂ ਬਾਅਦ ਜ਼ਿੰਮੇਵਾਰ ਪਾਏ ਜਾਣ ਵਾਲੇ ਵਿਅਕਤੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

# ਪੁਲਿਸ ਨੇ ਕਾਸੋ ਆਪਰੇਸ਼ਨ ਤਹਿਤ ਕਈ ਥਾਵਾਂ ਦੀ ਕੀਤੀ ਚੈਕਿੰਗ

**ਫਤੀਗੜ੍ਹ ਸਾਹਿਬ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਅਤੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਦੇ ਮੰਤਵ ਨਾਲ ਪੁਲਸ ਨੇ ਕਾਸੋ ਆਪਰੇਸ਼ਨ ਤਹਿਤ ਕਈ ਥਾਵਾਂ ਦੀ ਚੈਕਿੰਗ ਕੀਤੀ। ਇਸ ਸਬੰਧ ਵਿਚ ਐਸ.ਪੀ. ਹਰਵੰਤ ਕੌਰ ਨੇ ਦੱਸਿਆ ਕਿ ਇਸ ਸਰਚ ਆਪ੍ਰੇਸ਼ਨ ਦਾ ਮਕੱਸਦ ਨਸ਼ਾ ਵੇਚਣ ਵਾਲੇ ਵਿਅਕਤੀਆਂ ਤੇ ਦਬਾਓ ਬਣਾਈ ਰੱਖਣਾ, ਉਨ੍ਹਾਂ ਦੀਆਂ ਮੌਜੂਦਾ ਗਤੀਵਿਧੀਆਂ ਤੇ ਨਿਗਰਾਨੀ ਰੱਖਣਾ, ਨਸ਼ੇ ਦੀ ਸਪਲਾਈ ਚੈਨ ਨੂੰ ਤੋੜਨਾ, ਨਸ਼ਾ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਬਾਰੇ ਪਤਾ ਲਗਾ ਕੇ ਉਨ੍ਹਾਂ ਦੇ ਮੁੜ ਵਸੇਬਾ ਕਰਨਾ ਅਤੇ ਆਮ ਪਬਲਿਕ ਵਿਚ ਪੁਲਿਸ ਪ੍ਰਤੀ



ਵਿਸਵਾਸ਼ ਪੈਦਾ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲ ਭਵਿੱਖ ਵਿਚ ਵੀ ਇਸੇ ਤਰ੍ਹਾਂ ਦੇ ਸਰਚ ਅਪਰੇਸ਼ਨ ਜਾਰੀ ਰਹਿਣਗੇ। ਤਾਂ ਜੋ ਨਸ਼ਾ ਤਸੱਕਰਾਂ ਤੇ ਦਬਾਓ ਬਣਾ ਕੇ ਨਸ਼ੇ ਦੀ ਸਪਲਾਈ ਚੈਨ ਨੂੰ ਤੋੜਿਆ ਜਾ ਸਕੇ ਅਤੇ ਨਸ਼ੇ ਦਾ ਸੇਵਨ ਕਰਨ ਵਾਲੇ ਵਿਅਕਤੀਆਂ ਬਾਰੇ ਪਤਾ ਲਗਾ ਕੇ ਉਨ੍ਹਾਂ ਦਾ ਮੁੜ ਵਸੇਬਾ ਕੀਤਾ ਜਾ ਸਕੇ। ਉਨ੍ਹਾਂ ਨਸ਼ਾ ਵੇਚਣ ਵਾਲਿਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਨਸ਼ਾ ਵੇਚਣਾ ਬੰਦ ਕਰਨ।

# ਰਾਸ਼ਨ ਕਾਰਡ ਤੋਂ ਸਰਕਾਰ ਨੇ ਕੱਟੇ 2.25 ਕਰੋੜ ਲੋਕਾਂ ਦੇ ਨਾਮ, ਵਜ੍ਹਾ ਕਰੇਗੀ ਹੈਰਾਨ

**ਨਵੀਂ ਦਿੱਲੀ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿੱਚ ਅਜੇ ਵੀ ਵੱਡੀ ਗਿਣਤੀ ਵਿੱਚ ਅਜਿਹੇ ਪਰਿਵਾਰ ਹਨ, ਜੋ ਆਪਣੀਆਂ ਵਿੱਤੀ ਤੰਗੀਆਂ ਕਾਰਨ ਦੋ ਸਮੇਂ ਦਾ ਖਾਣਾ ਵੀ ਨਹੀਂ ਖਾ ਸਕਦੇ। ਇਨ੍ਹਾਂ ਲੋੜਵੰਦ ਵਿਅਕਤੀਆਂ ਨੂੰ ਰਾਹਤ ਪ੍ਰਦਾਨ ਕਰਨ ਲਈ ਸਰਕਾਰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (NFSA) ਦੇ ਤਹਿਤ ਮੁਫ਼ਤ ਅਤੇ ਕਿਫਾਇਤੀ ਰਾਸ਼ਨ ਪ੍ਰਦਾਨ ਕਰਦੀ ਹੈ। ਪਰ ਇਹ ਲਾਭ ਪ੍ਰਾਪਤ ਕਰਨ ਲਈ ਰਾਸ਼ਨ ਕਾਰਡ ਜ਼ਰੂਰੀ ਹੈ। ਹਾਲ ਹੀ ਵਿੱਚ ਮੁਫ਼ਤ ਰਾਸ਼ਨ ਲੈਣ ਵਾਲੇ ਲੋਕਾਂ ਨੂੰ ਲੈ ਕੇ ਇਹ ਗੱਲ ਸਾਹਮਣੇ ਆਈ ਹੈ ਕਿ ਵੱਡੇ ਪੱਧਰ 'ਤੇ ਸਰਕਾਰ ਵਲੋਂ 2.25 ਕਰੋੜ ਲੋਕਾਂ ਦੇ ਨਾਮ ਰਾਸ਼ਨ ਕਾਰਡ ਦੀ ਸੂਚੀ ਵਿੱਚੋਂ ਹਟਾਏ ਜਾ ਰਹੇ ਹਨ। ਅਜਿਹਾ ਇਸ ਕਰਕੇ ਕੀਤਾ ਜਾ ਰਿਹਾ ਤਾਂਕਿ ਸਿਰਫ਼ ਉਹੀ ਲੋਕ ਇਸ ਦਾ ਲਾਭ ਲੈ ਸਕਣ ਜੋ ਸੱਚਮੁੱਚ ਇਸ ਦੇ ਯੋਗ ਹਨ।

**ਜਾਣੋ ਕਿਉਂ ਕੱਟੇ ਗਏ 2.25 ਕਰੋੜ ਲੋਕਾਂ ਦੇ ਨਾਮ ?**

NFSA ਦੇ ਨਿਯਮਾਂ ਅਨੁਸਾਰ, ਜਿਨ੍ਹਾਂ ਪਰਿਵਾਰਾਂ ਦੀ ਸਾਲਾਨਾ ਆਮਦਨ ?1 ਲੱਖ ਤੋਂ ਵੱਧ ਹੈ, ਜਿਨ੍ਹਾਂ ਕੋਲ ਕਾਰ ਜਾਂ ਹੋਰ ਚਾਰ ਪਹੀਆ ਵਾਹਨ ਹਨ ਜਾਂ ਜੋ



ਆਮਦਨ ਟੈਕਸ ਅਦਾ ਕਰਦੇ ਹਨ, ਉਨ੍ਹਾਂ ਨੂੰ ਇਸ ਯੋਜਨਾ ਦੇ ਤਹਿਤ ਮੁਫ਼ਤ ਰਾਸ਼ਨ ਲਈ ਯੋਗ ਨਹੀਂ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਹੁਣ ਤੱਕ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਇਸ ਲਾਭ ਦਾ ਲਾਭ ਲੈ ਰਹੇ ਹਨ। ਇਸ ਤੋਂ ਇਲਾਵਾ...

. ਬਹੁਤ ਸਾਰੇ ਲੋਕ ਮ੍ਰਿਤਕ ਵਿਅਕਤੀਆਂ ਦੇ ਨਾਵਾਂ 'ਤੇ ਕਈ ਸਾਲਾਂ ਤੋਂ ਰਾਸ਼ਨ ਇਕੱਠਾ ਕਰ ਰਹੇ ਹਨ।

. ਅਯੋਗ ਲੋਕ ਵੀ ਇਸ ਯੋਜਨਾ ਦਾ ਲਾਭ ਲੈ ਰਹੇ ਸਨ।

. ਬਹੁਤ ਸਾਰੇ ਪਰਿਵਾਰਾਂ ਨੇ ਸਿਰਫ਼ ਸਰਕਾਰੀ ਲਾਭ ਪ੍ਰਾਪਤ ਕਰਨ ਲਈ ਕਾਰਡ ਪ੍ਰਾਪਤ ਕੀਤੇ ਸਨ।

. ਕੁਝ ਲੋਕਾਂ ਨੂੰ ਛੇ ਮਹੀਨਿਆਂ ਤੋਂ ਰਾਸ਼ਨ ਨਹੀਂ ਮਿਲ ਰਿਹਾ ਸੀ।

ਇਨ੍ਹਾਂ ਬੇਨਿਯਮੀਆਂ ਨੂੰ ਰੋਕਣ ਲਈ ਸਰਕਾਰ ਨੇ ਤਸਦੀਕ ਤੇਜ਼ ਕਰ ਦਿੱਤੀ ਹੈ ਅਤੇ ਪਿਛਲੇ ਕੁਝ ਮਹੀਨਿਆਂ ਵਿੱਚ ਮੁਫ਼ਤ ਰਾਸ਼ਨ ਸੂਚੀ ਵਿੱਚੋਂ 2.25 ਕਰੋੜ ਲੋਕਾਂ ਦੇ ਨਾਮ ਹਟਾ ਦਿੱਤੇ ਹਨ। ਮੰਤਰਾਲੇ ਦਾ ਕਹਿਣਾ ਹੈ ਕਿ ਇਸ ਯੋਜਨਾ ਦੇ ਲਾਭ ਸਿਰਫ਼ ਅਸਲੀ ਅਤੇ ਸੱਚਮੁੱਚ ਲੋੜਵੰਦਾਂ ਤੱਕ ਹੀ ਪਹੁੰਚਦੇ ਹਨ। ਸਰਕਾਰ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹਨ: ਜਿਨ੍ਹਾਂ ਰਾਸ਼ਨ ਕਾਰਡਾਂ ਦਾ ਈ-ਕੇਵਾਈਸੀ ਅਪਡੇਟ ਨਹੀਂ ਹੋਇਆ ਹੈ, ਉਨ੍ਹਾਂ ਨੂੰ ਪਹਿਲਾਂ ਅਯੋਗ ਕਰ ਦਿੱਤਾ ਜਾਵੇਗਾ।

# ਟਰਾਲੀ ਚੋਰੀ: ਪੰਕਜ ਪੱਪੂ ਨੇ ਆਪਣੇ ਆਪ ਨੂੰ ਆਮ ਆਦਮੀ ਪਾਰਟੀ ਤੋਂ ਵੱਖ ਕੀਤਾ



**ਨਾਭਾ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਦੀ ਟਰਾਲੀ ਚੋਰੀ ਦੇ ਵਿਵਾਦ ਦੇ ਚਲਦਿਆਂ ਨਾਭਾ ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਦੇ ਪਤੀ ਪੰਕਜ ਪੱਪੂ ਨੇ ਅੱਜ ਫੇਸਬੁੱਕ 'ਤੇ ਲਾਈਵ ਹੋ ਕੇ ਆਪਣੇ ਆਪ ਨੂੰ ਪਾਰਟੀ ਵਿੱਚੋਂ ਬਾਹਰ ਹੋਣ ਦਾ ਐਲਾਨ ਕਰ ਦਿੱਤਾ। ਨਾਭਾ ਦੇ ਵਿਧਾਇਕ ਦੇਵ ਮਾਨ ਦੇ ਨਜ਼ਦੀਕੀ ਪੰਕਜ ਪੱਪੂ ਨੇ ਕਿਹਾ, 'ਜਦੋਂ ਤੱਕ ਮੈਂ ਆਪਣੇ ਆਪ ਆਪ ਨੂੰ ਨਿਰਦੋਸ਼ ਸਾਬਿਤ ਨਹੀਂ ਕਰ ਦਿੰਦਾ, ਉਸ ਸਮੇਂ ਤੱਕ ਮੇਰਾ ਪਰਿਵਾਰ ਪਾਰਟੀ ਦੀ ਕਿਸੇ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੋਵੇਗਾ।' ਪਿਛਲੇ ਹਫਤੇ ਆਪਣੀ ਦੁਕਾਨ ਵਿੱਚ ਆਮ ਆਦਮੀ ਪਾਰਟੀ ਦਾ ਦਫਤਰ ਖੋਲ੍ਹਣ ਵਾਲੇ ਪੰਕਜ ਪੱਪੂ ਨੇ ਇੱਕ ਵਾਰੀ ਫੇਰ ਆਪਣੇ ਉੱਪਰ ਲੱਗੇ ਦੋਸ਼ ਝੁਠਲਾਏ ਤੇ ਇਸਨੂੰ ਕੁਝ ਕੌਂਸਲਰਾਂ ਦੀ ਸਾਜਿਸ਼ ਦੱਸਿਆ। ਸੰਪਰਕ ਕਰਨ 'ਤੇ ਪੰਕਜ ਪੱਪੂ ਨੇ ਕਿਹਾ ਕਿ ਹੁਣ ਇਸ ਘਟਨਾਕ੍ਰਮ ਦੇ ਚਲਦੇ ਵਿਰੋਧੀ ਲੋਕ ਉਨ੍ਹਾਂ ਦੀ ਪਾਰਟੀ ਅਤੇ ਵਿਧਾਇਕ ਨੂੰ ਨਿਸ਼ਾਨਾ ਬਣਾਉਣ ਲੱਗ ਗਏ ਹਨ ਜਿਸ ਕਾਰਨ ਉਨ੍ਹਾਂ ਇਹ ਕਦਮ ਚੁੱਕਿਆ ਹੈ। ਹਾਲਾਂਕਿ ਪੰਕਜ ਪੱਪੂ ਕੋਲ ਪਾਰਟੀ ਦਾ ਕੋਈ ਅਹੁਦਾ ਨਹੀਂ ਸੀ, ਪਰ ਨਗਰ ਕੌਂਸਲ ਪ੍ਰਧਾਨ ਉਨ੍ਹਾਂ ਦੀ ਪਤਨੀ ਇਕੱਲੇ ਕੌਂਸਲਰ ਹਨ ਜਿਹੜੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਪਾਰਟੀ 'ਚ ਚਲੇ ਗਏ ਸਨ ਤੇ ਬਾਕੀ 'ਆਪ' ਕੌਂਸਲਰ ਸਰਕਾਰ ਬਣਨ ਮਗਰੋਂ ਪਾਰਟੀ 'ਚ ਸ਼ਾਮਲ ਹੋਏ। ਪੰਕਜ ਪੱਪੂ ਨੇ ਕਿਹਾ ਕਿ ਅਗਸਤ ਮਹੀਨੇ ਕੌਂਸਲਰਾਂ ਵੱਲੋਂ ਰੌਲਾ ਪਾਉਣ ਉਪਰੰਤ ਉਸ ਦੀ ਪਤਨੀ ਨੇ ਆਪਣਾ ਅਸਤੀਫਾ ਵਿਧਾਇਕ ਨੂੰ ਸੌਂਪ ਦਿੱਤਾ ਸੀ। ਜ਼ਿਕਰਯੋਗ ਹੈ ਕਿ ਉਕਤ ਅਸਤੀਫਾ ਕਦੀ ਅਧਿਕਾਰੀਆਂ ਕੋਲ ਪਹੁੰਚਿਆ ਹੀ ਨਹੀਂ, ਸਗੋਂ ਸੁਜਾਤਾ ਚਾਵਲਾ ਪ੍ਰਧਾਨਗੀ ਤੋਂ ਛੁੱਟੀ 'ਤੇ ਚਲੇ ਗਏ। ਇਸ ਮੌਕੇ ਵਿਧਾਇਕ ਦੇਵ ਮਾਨ ਨਾਲ ਸੰਪਰਕ ਨਹੀਂ ਹੋ ਸਕਿਆ। ਜਦੋਂ ਪਾਰਟੀ ਦੇ ਸੂਬਾ ਜਨਰਲ ਸਕੱਤਰ ਬਲਤੇਜ ਪੰਨੂ ਨੂੰ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਪਾਰਟੀ ਤਾਂ ਪਹਿਲਾਂ ਹੀ ਪੰਕਜ ਅਤੇ ਉਸ ਦੀ ਪਤਨੀ ਨੂੰ ਪਾਰਟੀ ਵਿੱਚੋਂ ਕੱਢ ਚੁੱਕੀ ਹੈ। ਹਾਲਾਂਕਿ ਇਸ ਕਾਰਵਾਈ ਦੀ ਤਰੀਕ ਬਾਰੇ ਉਨ੍ਹਾਂ ਨੇ ਕਿਹਾ ਕਿ ਇਸ ਬਾਰੇ ਉਹ ਦੇਖ ਕੇ ਦੱਸਣਗੇ।

# ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਹੇਠ ਸਾਈਕਲ ਯਾਤਰਾ ਦਾ ਨਿੱਘਾ ਸਵਾਗਤ



**ਅੰਮ੍ਰਿਤਸਰ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਇਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਤੋਂ ਚੱਲੀ ਸਾਈਕਲ ਯਾਤਰਾ ਦਾ ਅੱਜ ਗੁਰਦੁਆਰਾ ਗੁਰੂ ਕਾ ਮਹਿਲ, ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਬੁੱਢਾ ਦਲ ਵੱਲੋਂ ਬਾਬਾ ਭਗਤ ਸਿੰਘ, ਮੈਨੇਜਰ ਪਰਮਜੀਤ ਸਿੰਘ ਬਾਜਵਾ, ਬਾਬਾ ਗਗਨਦੀਪ ਸਿੰਘ ਵੱਲੋਂ ਖਾਲਸਾਈ ਰਵਾਇਤ ਮੁਤਾਬਕ ਭਰਵਾ ਤੇ ਨਿੱਘਾ ਸਵਾਗਤ ਕੀਤਾ ਗਿਆ ਅਤੇ ਮਨਜੀਤ ਸਿੰਘ ਜੀਕੇ ਨੂੰ ਸਿਰਪਾਓ, ਦੋਸ਼ਾਲਾ ਭੇਟ ਕੀਤਾ। ਇਸ ਮੌਕੇ ਸਿੰਘ ਸਾਹਿਬ ਗਿ ਰਘਬੀਰ ਸਿੰਘ ਹੈਡ ਗ੍ਰੰਥੀ, ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਸਤਿਬੀਰ ਸਿੰਘ ਧਾਮੀ, ਸ਼ਾਹਬਾਜ ਸਿੰਘ, ਭਗਵੰਤ ਸਿੰਘ, ਬਿਕਰਮ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ, ਹਰਜਿੰਦਰ ਸਿੰਘ ਮਰਵਾਹ, ਹਰਪਾਲ ਸਿੰਘ ਵਾਲੀਆ ਆਦਿ ਹਾਜ਼ਰ ਸਨ।

# ਆਸਟ੍ਰੇਲੀਆ 'ਚ ਮਿਲੇ 5.5 ਕਰੋੜ ਸਾਲ ਪੁਰਾਣੇ ਮਗਰਮੱਛ ਦੇ ਅੰਡਿਆਂ ਦੇ ਖੋਲ

**ਸਿਡਨੀ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਸਟ੍ਰੇਲੀਆ ਦੇ ਵਿਗਿਆਨੀਆਂ ਨੇ ਇੱਕ ਵੱਡੀ ਖੋਜ ਕੀਤੀ ਹੈ। ਦੱਖਣ-ਪੂਰਬੀ ਕੁਈਨਜ਼ਲੈਂਡ 'ਚ ਖੋਜਕਾਰਾਂ ਨੇ ਦੇਸ਼ ਦੇ ਹੁਣ ਤਕ ਦੇ ਸਭ ਤੋਂ ਪੁਰਾਣੇ ਮਗਰਮੱਛ ਦੇ ਅੰਡਿਆਂ ਦੇ ਖੋਲ (**Eggshells**) ਲੱਭਣ ਦਾ ਐਲਾਨ ਕੀਤਾ ਹੈ। ਇਹ ਅੰਡਿਆਂ ਦੇ ਖੋਲ 5.5 ਕਰੋੜ ਸਾਲ ਪੁਰਾਣੇ ਦੱਸੇ ਜਾ ਰਹੇ ਹਨ।

ਇਹ ਖੋਜ ਬ੍ਰਿਸਬੇਨ ਤੋਂ ਲਗਭਗ 250 ਕਿਲੋਮੀਟਰ ਦੂਰ ਸਥਿਤ ਮੁਰਗੌਨ ਨਾਮਕ ਇੱਕ ਛੋਟੇ ਕਸਬੇ 'ਚ ਕੀਤੀ ਗਈ ਹੈ। ਮੁਰਗੌਨ ਦੁਨੀਆਂ ਦੇ ਸਭ ਤੋਂ ਮਹੱਤਵਪੂਰਣ ਜੀਵਾਸ਼ਮ ਸਥਾਨਾਂ 'ਚੋਂ ਇੱਕ ਮੰਨਿਆ ਜਾਂਦਾ ਹੈ ਜਿੱਥੇ ਪਹਿਲਾਂ ਵੀ ਦੁਨੀਆਂ ਦੇ ਸਭ ਤੋਂ ਪੁਰਾਣੇ



ਗਾਉਣ ਵਾਲੇ ਪੰਛੀਆਂ ਦੇ ਜੀਵਾਸ਼ਮ ਅਤੇ **Australia** ਦੇ ਸਭ ਤੋਂ ਪੁਰਾਣੇ ਮਾਰਸੂਪੀਅਲ ਜੀਵਾਸ਼ਮ ਮਿਲ ਚੁੱਕੇ ਹਨ।

**ਨਵੇਂ ਅੰਡਿਆਂ ਦੀ ਕਿਸਮ ਦੀ ਪਛਾਣ:** ਜਰਨਲ ਔਫ਼ ਵਰਟੀਬ੍ਰੇਟ ਪੈਲੈਂਟੋਲੋਜੀ 'ਚ ਪ੍ਰਕਾਸ਼ਿਤ ਇਸ ਨਵੇਂ ਅਧਿਐਨ 'ਚ ਦੱਸਿਆ ਗਿਆ ਕਿ ਇਹ ਅੰਡਿਆ ਦੇ ਇਹ ਖੋਲ ਹੁਣ ਇੱਕ ਨਵੇਂ ਪ੍ਰਕਾਰ ਦੇ ਅੰਡਿਆਂ ਦੀ ਪਛਾਣ ਲਈ ਆਧਾਰ ਬਣ ਗਏ ਹਨ ਜਿਸ ਨੂੰ ਵੱਕਾਊਲਿਥਸ ਗੌਡਥੈਲੇਪੀ ਨਾਮ ਦਿੱਤਾ ਗਿਆ ਹੈ। ਇਹ ਖੋਲ ਹੁਣ ਵਿਲੱਖਣ ਮੈਕੋਸੁਸ਼ੀਨ (**Mekosuchine**) ਮਗਰਮੱਛ ਸਮੂਹ ਦੇ ਸਭ ਤੋਂ ਪੁਰਾਣੇ ਗਿਆਤ ਮੈਂਬਰਾਂ ਨਾਲ ਸਬੰਧਤ ਹਨ।

**ਮੈਕੋਸੁਸ਼ੀਨ ਮਗਰਮੱਛਾਂ ਬਾਰੇ ਜਾਣਕਾਰੀ:** **Mekosuchine** ਆਸਟਰੇਲੀਆ ਦਾ ਇੱਕ ਵਿਲੱਖਣ ਮਗਰਮੱਛ ਪਰਿਵਾਰ ਸੀ। ਇਹ ਆਧੁਨਿਕ ਖਾਰੇ ਪਾਣੀ ਅਤੇ ਮਿੱਠੇ ਪਾਣੀ ਦੇ ਮਗਰਮੱਛਾਂ ਤੋਂ ਵੱਖਰੀ, ਪੁਰਾਣੀ ਵਿਕਾਸ ਸ਼ਾਖਾ ਦਾ ਹਿੱਸਾ ਸਨ। ਇਨ੍ਹਾਂ 'ਚ ਕੁਨਿਕਾਨਾ (ਜ਼ਮੀਨ 'ਤੇ ਸ਼ਿਕਾਰ ਕਰਨ ਵਾਲੇ ਵੱਡੇ ਮਗਰਮੱਛ) ਅਤੇ ਟ੍ਰਾਈਲੋਫ਼ੌਸਕਸ (ਛੋਟੇ ਰੁੱਖਾਂ 'ਤੇ ਚੜ੍ਹਨ ਵਾਲੇ ਮਗਰਮੱਛ) ਵਰਗੀਆਂ ਵਿਲੱਖਣ ਕਿਸਮਾਂ ਸ਼ਾਮਿਲ ਸਨ। ਯੂਨੀਵਰਸਿਟੀ ਔਫ਼ ਨਿਊ ਸਾਊਥ ਵੇਲਜ਼ ਦੇ ਖੋਜਕਰਤਾਵਾਂ ਨੇ ਪਾਇਆ ਕਿ 5.5 ਕਰੋੜ ਸਾਲ ਬਾਅਦ ਵੀ ਇਨ੍ਹਾਂ ਅੰਡਿਆਂ ਦੇ ਖੋਲ ਦੀ ਇੱਕ ਅਨੋਖੀ ਮਾਈਕ੍ਰੋ-ਸੰਰਚਨਾ ਸੁਰੱਖਿਅਤ ਹੈ ਜੋ ਆਧੁਨਿਕ ਮਗਰਮੱਛਾਂ ਜਾਂ ਐਲੀਗੇਟਰਾਂ ਤੋਂ ਬਿਲਕੁਲ ਵੱਖਰੀ ਹੈ। ਖੋਲਾਂ ਦੇ ਵਿਸ਼ਲੇਸ਼ਣ ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਮੁਰਗੌਨ ਦੇ ਦਲਦਲੀ ਖੇਤਰ ਉਸ ਸਮੇਂ ਕਈ ਵਾਰ ਸੁੱਕੇ ਵੀ ਰਹੇ ਹੋਣਗੇ। ਇਸ ਖੋਜ ਨਾਲ 5.5 ਕਰੋੜ ਸਾਲ ਪਹਿਲਾਂ ਦੇ ਆਸਟਰੇਲੀਆਈ ਈਕੋਸਿਸਟਮ ਦੀ ਝਲਕ ਮਿਲਦੀ ਹੈ।

# ਸਿਹਤ ਸੁਰੱਖਿਆ ਲਈ ਅਨਮੋਲ ਮੁਸਕਾਨ ਚੈਰੀਟੇਬਲ ਟਰੱਸਟ ਵੱਲੋਂ ਨਵੀਂ ਪਹਿਲ : ਪੂਜਾ



**ਖਰੜ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀਮਤੀ ਅਮਰਜੀਤ ਕੌਰ ਪੂਜਾ, ਚੇਅਰਪਰਸਨ ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰੱਸਟ, ਨੇ ਦੱਸਿਆ ਹੈ ਕਿ ਟਰੱਸਟ ਵੱਲੋਂ ਨੇੜਲੇ ਭਵਿੱਖ ਵਿੱਚ ਦਿਹਾਤੀ ਇਲਾਕਿਆਂ ਵਿੱਚ ਰਹਿੰਦੀ ਨੌਜਵਾਨ ਵਿਦਿਆਰਥਣਾਂ ਅਤੇ ਲੋੜਵੰਦ ਔਰਤਾਂ ਦੀ ਨਰੋਈ ਸਿਹਤ ਦੇ ਸੁਰੱਖਿਆ ਖੇਤਰ ਵਿੱਚ ਇਕ ਵਿਸ਼ਾਲ ਸੇਵਾ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਅਧੀਨ ਨਰੋਈ ਸਿਹਤ ਬਾਰੇ ਜਾਗਰੂਕਤਾ ਵਧਾਉਣ ਲਈ ਵਿਸ਼ੇਸ਼ ਸਿਹਤ ਜਾਗਰੂਕਤਾ ਕੈਂਪ,ਲੋੜਵੰਦ ਮਹਿਲਾਵਾਂ ਲਈ ਸੈਨੀਟਰੀ ਪੈਡਾਂ ਦਾ ਵੰਡ ਪ੍ਰੋਗਰਾਮ,ਅਤੇ ਗਰੀਬ ਪਰਿਵਾਰਾਂ ਦੀ ਜ਼ਰੂਰਤਾਂ ਪੂਰੀਆਂ ਕਰਨ ਲਈ ਸਹਾਇਤਾ ਯੋਜਨਾਵਾਂ ਦੀ ਲੜੀ ਚਲਾਈ ਜਾਵੇਗੀ। ਸ੍ਰੀਮਤੀ ਅਮਰਜੀਤ ਕੌਰ ਪੂਜਾ ਨੇ ਕਿਹਾ ਕਿ ਅਨਮੋਲ ਮੁਸਕਾਨ ਚੈਰੀਟੇਬਲ ਟਰੱਸਟ ਦਾ ਮੁੱਖ ਉਦੇਸ਼ ਸਮਾਜ ਦੀਆਂ ਗਰੀਬ ਤੇ ਪਿੱਛੜੀਆਂ ਔਰਤਾਂ ਨੂੰ ਸਿਹਤ ਸੰਬੰਧੀ ਸਧਾਰਣ ਪਰ ਜ਼ਰੂਰੀ ਸਹੂਲਤਾਂ ਨਾਲ ਜੋੜਨਾ ਹੈ, ਤਾਂ ਜੋ ਉਹ ਸਿਹਤਮੰਦ ਜੀਵਨ ਵੱਲ ਕਦਮ ਵਧਾ ਸਕਣ। ਉਨ੍ਹਾਂ ਕਿਹਾ ਕਿ ਨਰੋਈ ਸਿਹਤ ਨਾਲ ਜੁੜੀਆਂ ਕਈ ਗਲਤਫਹਮੀਆਂ ਅਤੇ ਜਾਣਕਾਰੀ ਦੀ ਘਾਟ ਕਾਰਨ ਦਿਹਾਤੀ ਸਮਾਜ ਦੀਆਂ ਮਹਿਲਾਵਾਂ ਅਜੇ ਵੀ ਬੁਨਿਆਦੀ ਸਹੂਲਤਾਂ ਤੋਂ ਵਾਂਝੀਆਂ ਹਨ। ਟਰੱਸਟ ਵੱਲੋਂ ਚਲਾਈ ਜਾ ਰਹੀ ਇਹ ਨਵੀਂ ਮੁਹਿੰਮ ਇਸ ਘਾਟ ਨੂੰ ਪੂਰਾ ਕਰਨ ਵੱਲ ਇੱਕ ਅਹਿਮ ਕਦਮ ਹੋਵੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਕੀਤੀ ਜਾ ਰਹੀ ਇਹ ਸਮਾਜਿਕ ਸੇਵਾ ਮੁਹਿੰਮ ਸਿਰਫ਼ ਸਹਾਇਤਾ ਤੱਕ ਸੀਮਿਤ ਨਹੀਂ ਰਹੇਗੀ, ਸਗੋਂ ਮਹਿਲਾਵਾਂ ਵਿਚ ਆਤਮਵਿਸ਼ਵਾਸ ਤੇ ਸਵੈ-ਨਿਰਭਰਤਾ ਦੀ ਭਾਵਨਾ ਪੈਦਾ ਕਰਨ ਵੱਲ ਇੱਕ ਵਿਉਂਤ ਯਤਨ ਵੀ ਹੋਵੇਗੀ।

ਅਨਮੋਲ ਮੁਸਕਾਨ ਚੈਰੀਟੇਬਲ ਟਰੱਸਟ ਵੱਲੋਂ ਜਲਦੀ ਹੀ ਇਸ ਮੁਹਿੰਮ ਦੇ ਪਹਿਲੇ ਚਰਨ ਦੀ ਰਸਮੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਜਾਵੇਗਾ।

# 45 ਸਾਲਾਂ ਬਾਅਦ ਯਾਦਦਾਸ਼ਤ ਵਾਪਸ ਆਉਣ ਤੇ ਘਰ ਪਰਤਿਆ ਵਿਅਕਤੀ

## ਸਿਰ ਦੀ ਸੱਟ ਲੱਗਣ ਕਾਰਨ ਯਾਦਾਸ਼ਤ ਵਾਪਸ ਆਈ, ਹਿਮਾਚਲ ਦੇ ਪਿੰਡ ਵਿੱਚ ਚਮਤਕਾਰੀ ਵਾਪਸੀ ਦਾ ਜਸ਼ਨ

**ਨਾਹਨ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਫੀਲਮੀ ਕਹਾਣੀ ਵਾਂਗ ਹਿਮਾਚਲ ਪ੍ਰਦੇਸ਼ ਦਾ ਇੱਕ ਵਿਅਕਤੀ ਜੋ 1980 ਤੋਂ ਲਾਪਤਾ ਸੀ, ਹਾਲ ਹੀ ਵਿੱਚ ਸਿਰ 'ਤੇ ਸੱਟ ਲੱਗਣ ਕਾਰਨ ਗੁਆਚੀ ਹੋਈ ਯਾਦਦਾਸ਼ਤ ਵਾਪਸ ਆਉਣ ਉਪਰੰਤ ਆਪਣੇ ਘਰ ਪਹੁੰਚ ਗਿਆ। ਰਿਖੀ ਰਾਮ, ਜੋ ਹੁਣ ਰਵੀ ਚੌਧਰੀ ਵਜੋਂ ਜਾਣਿਆ ਜਾਂਦਾ ਹੈ, 15 ਨਵੰਬਰ ਨੂੰ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਨਾਲ ਹਿਮਾਚਲ ਪ੍ਰਦੇਸ਼ ਦੇ ਨਾਦੀ ਪਿੰਡ ਵਾਪਸ ਪਰਤਿਆ।

ਸੋਲ੍ਹਾਂ ਸਾਲਾਂ ਦਾ ਰਿਖੀ 1980 ਵਿੱਚ ਕੰਮ ਦੀ ਭਾਲ ਵਿੱਚ ਆਪਣੇ ਪਿੰਡੋਂ ਨਿਕਲਿਆ ਸੀ। ਆਖਰਕਾਰ, ਉਸ ਨੂੰ ਯਮੁਨਾਨਗਰ ਦੇ ਇੱਕ ਹੋਟਲ ਵਿੱਚ ਨੌਕਰੀ ਮਿਲ ਗਈ। ਅੰਬਾਲਾ ਦੀ ਯਾਤਰਾ ਦੌਰਾਨ ਇੱਕ ਸੜਕ ਹਾਦਸੇ ਵਿੱਚ ਸਿਰ 'ਤੇ ਗੰਭੀਰ ਸੱਟ ਲੱਗਣ ਕਾਰਨ ਉਹ ਲਾਪਤਾ ਹੋ ਗਿਆ। ਸੱਟ ਨੇ ਉਸ ਦੇ ਅਤੀਤ ਦਾ ਹਰ ਨਿਸ਼ਾਨ ਅਤੇ ਇੱਥੋਂ ਤੱਕ ਕਿ ਉਸਦਾ ਆਪਣਾ ਨਾਮ ਵੀ ਮਿਟਾ ਦਿੱਤਾ। ਹਰਿਆਣਾ ਵਿੱਚ ਉਸ ਦੇ ਸਾਥੀਆਂ ਨੇ ਉਸਦਾ ਨਾਮ ਰਵੀ ਚੌਧਰੀ ਰੱਖਿਆ, ਇੱਕ ਨਾਮ ਜੋ ਜਲਦੀ ਹੀ ਉਸ ਦੀ ਨਵੀਂ ਪਛਾਣ ਬਣ ਗਿਆ। ਘਰ ਦਾ ਰਾਹ ਦੱਸਣ ਲਈ ਕੋਈ ਯਾਦ ਨਾ ਹੋਣ ਕਾਰਨ, ਉਸ ਨੇ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕੀਤੀ।

**ਮੁੰਬਈ ਦੇ ਦਾਦਰ ਜਾ ਕੇ ਸ਼ੁਰੂ ਕੀਤਾ ਨਵਾਂ ਜੀਵਨ**

ਕੁੱਝ ਸਮੇਂ ਬਾਅਦ ਉਹ ਮੁੰਬਈ ਦੇ ਦਾਦਰ ਚਲਾ ਗਿਆ, ਜਿੱਥੇ ਉਸ



ਨੇ ਗੁਜ਼ਾਰਾ ਕਰਨ ਲਈ ਛੋਟੀਆਂ-ਮੋਟੀਆਂ ਨੌਕਰੀਆਂ ਕੀਤੀਆਂ। ਅਖੀਰ ਵਿੱਚ ਉਹ ਮਹਾਰਾਸ਼ਟਰ ਦੇ ਨਾਂਦੇੜ ਵਿੱਚ ਵਸ ਗਿਆ, ਜਿੱਥੇ ਇੱਕ ਕਾਲਜ ਨੇ ਉਸ ਨੂੰ ਨੌਕਰੀ ਦਿੱਤੀ। ਸਾਲ 1994 ਵਿੱਚ ਉਸ ਨੇ ਸੰਤੋਸ਼ੀ ਨਾਲ ਵਿਆਹ ਕਰਵਾ ਲਿਆ ਅਤੇ ਪਰਿਵਾਰ ਵਿੱਚ ਦੋ ਧੀਆਂ ਅਤੇ ਇੱਕ ਪੁੱਤਰ ਸ਼ਾਮਲ ਹੋ ਗਏ। ਹਰ ਲਿਹਾਜ਼ ਨਾਲ ਉਹ ਇੱਕ ਸਥਿਰ, ਸੰਤੁਸ਼ਟ ਜੀਵਨ ਜੀਅ ਰਿਹਾ ਸੀ।

**ਸੁਪਨਿਆਂ ਵਿੱਚ ਆਉਣ ਲੱਗਿਆ ਪੁਰਾਣਾ ਜੀਵਨ**

ਹਾਲ ਹੀ ਵਿੱਚ ਵਾਪਰੇ ਇੱਕ ਮਾਮੂਲੀ ਹਾਦਸੇ ਤੋਂ ਬਾਅਦ ਪੁਰਾਣੀਆਂ ਤਸਵੀਰਾਂ ਸੁਪਨਿਆਂ ਵਿੱਚ ਵਾਪਸ ਆਉਣ ਲੱਗੀਆਂ, ਜਿਨ੍ਹਾਂ ਵਿੱਚ ਇੱਕ ਅੰਬ ਦਾ ਦਰੱਖਤ, ਇੱਕ ਪਿੰਡ ਦਾ ਝੂਲਾ, ਸਤੌਨ ਨੂੰ ਜਾਂਦਾ ਇੱਕ ਤੰਗ ਰਸਤਾ ਅਤੇ ਇੱਕ ਘਰ ਦਾ ਵਿਹੜਾ ਜੋ ਉਸ ਨੇ ਦਹਾਕਿਆਂ ਤੋਂ ਨਹੀਂ ਦੇਖਿਆ ਸੀ। ਪਹਿਲਾਂ, ਉਸ ਨੇ ਸੁਪਨਿਆਂ ਨੂੰ ਆਮ ਗੱਲ ਵਾਂਗ ਲਿਆ, ਪਰ ਇਹ ਤੇਜ਼ ਹੋ ਗਏ। ਫਿਰ ਉਸ ਨੂੰ ਅਹਿਸਾਸ ਹੋਇਆ ਕਿ ਇਹ ਸਿਰਫ਼ ਸੁਪਨੇ ਨਹੀਂ, ਸਗੋਂ ਯਾਦਾਂ ਸਨ।

ਸੀਮਤ ਸਿੱਖਿਆ ਹੋਣ ਕਾਰਨ ਉਸ ਨੇ ਮਦਦ ਲਈ ਇੱਕ ਕਾਲਜ ਵਿਦਿਆਰਥੀ ਦਾ ਸਹਾਰਾ ਲਿਆ। ਉਨ੍ਹਾਂ ਦੋਵਾਂ ਨੇ ਗੂਗਲ 'ਤੇ ਨਾਦੀ ਪਿੰਡ ਅਤੇ ਸਤੌਨ ਨੂੰ ਖੋਜਿਆ। ਸਤੌਨ ਦੇ ਸਥਾਨਕ ਕੈਫੇ ਦਾ ਇੱਕ ਫ਼ੋਨ ਨੰਬਰ ਸਾਹਮਣੇ ਆਇਆ। ਉੱਥੋਂ, ਨਾਦੀ ਨਿਵਾਸੀ ਰੁਦਰ ਪ੍ਰਕਾਸ਼ ਨਾਲ ਸੰਪਰਕ ਸਥਾਪਿਤ ਹੋਇਆ। ਅੰਤਿਮ ਪੁਸ਼ਟੀ ਪਰਿਵਾਰ ਦੇ ਰਿਸ਼ਤੇਦਾਰ ਐਮ ਕੇ ਚੌਬੇ ਨਾਲ ਇੱਕ ਕਾਲ ਵਿੱਚ ਹੋਈ, ਜਿਸ ਨੇ ਰਿਖੀ ਦੇ ਅਤੀਤ ਦੇ ਖੰਡਿਤ ਪਰ ਅਸਲੀ ਵੇਰਵਿਆਂ ਨੂੰ ਪਛਾਣ ਲਿਆ।

**ਵਾਪਸੀ ਮੌਕੇ ਪਿੰਡ 'ਚ ਵੱਜੇ ਢੋਲ ਨਗਾੜੇ**

ਉਸ ਦੀ ਘਰ ਵਾਪਸੀ ਮੌਕੇ ਇੰਝ ਲੱਗਿਆ ਅਜਿਹਾ ਮਹਿਸੂਸ ਹੋਇਆ ਜਿਵੇਂ ਕਿਸਮਤ ਨੂੰ ਦਿਨ-ਦਿਹਾੜੇ ਦੁਬਾਰਾ ਲਿਖਿਆ ਜਾ ਰਿਹਾ ਹੋਵੇ। ਢੋਲ ਵੱਜੇ, ਹਾਰ ਝੂਲੇ ਅਤੇ ਇੱਕ ਖੁਸ਼ਹਾਲ ਭੀੜ ਨੇ ਰਿਖੀ ਦਾ ਸਵਾਗਤ ਕੀਤਾ। ਜਦੋਂ ਭੈਣ-ਭਰਾ ਦੁਰਗਾ ਰਾਮ, ਚੰਦਰ ਮੋਹਨ, ਚੰਦਰਮਣੀ, ਕੌਸ਼ਲਿਆ ਦੇਵੀ, ਕਲਾ ਦੇਵੀ ਅਤੇ ਸੁਮਿੱਤਰਾ ਦੇਵੀ ਉਸ ਨਾਲ ਲਿਪਟ ਗਏ, ਉਹ ਆਪਣੇ ਹੰਝੂਆਂ ਨੂੰ ਰੋਕ ਨਹੀਂ ਸਕੇ। ਜਿਸ ਨੌਜਵਾਨ ਨੂੰ ਉਹ ਮਰਿਆ ਸਮਝਦੇ ਸਨ, ਉਹ ਜ਼ਿੰਦਾ ਚੱਲ ਕੇ ਆਇਆ ਸੀ।

ਛੋਟੇ ਭਰਾ ਦੁਰਗਾ ਰਾਮ ਨੇ ਭਰੇ ਮਨ ਨਾਲ ਕਿਹਾ, ਅਸੀਂ ਮੰਨ ਲਿਆ ਸੀ ਕਿ ਉਹ ਬਹੁਤ ਪਹਿਲਾਂ ਇਸ ਦੁਨੀਆਂ ਤੋਂ ਚਲਾ ਗਿਆ ਸੀ। 45 ਸਾਲਾਂ ਬਾਅਦ ਉਸ ਨੂੰ ਆਪਣੇ ਸਾਹਮਣੇ ਖੜ੍ਹਾ ਦੇਖ ਕੇ ਦੂਜਾ ਜਨਮ ਮਿਲਿਆ ਮਹਿਸੂਸ ਹੁੰਦਾ ਹੈ। ਇਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਇਸ ਕਹਾਣੀ ਦੀ ਵਿਲੱਖਣਤਾ ਵਿੱਚ ਇੱਕ ਹੋਰ ਮੋੜ ਸ਼ਾਮਲ ਹੋਇਆ। ਰਿਖੀ 16 ਸਾਲ ਦੀ ਉਮਰ ਤੱਕ ਇੱਕ ਬ੍ਰਾਹਮਣ ਪਰਿਵਾਰ ਵਿੱਚ ਵੱਡਾ ਹੋਇਆ ਸੀ। ਪਰ ਹਰਿਆਣਾ ਵਿੱਚ ਆਪਣੀ ਯਾਦਦਾਸ਼ਤ ਗੁਆਉਣ ਤੋਂ ਬਾਅਦ ਉਸ ਦੇ ਨਵੇਂ ਸਾਥੀਆਂ ਨੇ ਅਤੀਤ ਤੋਂ ਅਣਜਾਣ ਹੋਣ ਕਾਰਨ, ਉਸ ਨੂੰ ਰਵੀ ਚੌਧਰੀ ਦੇ ਨਾਮ ਨਾਲ ਇੱਕ ਰਾਜਪੂਤ ਪਛਾਣ ਦਿੱਤੀ। ਉਸ ਨੇ ਆਪਣੀ ਸਾਰੀ ਬਾਲਗ ਜ਼ਿੰਦਗੀ ਉਸ ਭਾਈਚਾਰੇ ਦੇ ਸੱਭਿਆਚਾਰ, ਜੀਵਨ ਸ਼ੈਲੀ ਅਤੇ ਰੀਤੀ-ਰਿਵਾਜਾਂ ਵਿੱਚ ਬਤੀਤ ਕੀਤੀ। ਹੁਣ ਆਪਣੀ ਯਾਦਦਾਸ਼ਤ ਵਾਪਸ ਆਉਣ 'ਤੇ ਉਸ ਨੇ ਇੱਕ ਵਾਰ ਫਿਰ ਆਪਣੀ ਅਸਲੀ ਪਛਾਣ ਨੂੰ ਅਪਣਾ ਲਿਆ ਹੈ, ਆਪਣੇ ਜੱਦੀ ਪਿੰਡ ਵਿੱਚ ਇੱਕ ਬ੍ਰਾਹਮਣ ਵਜੋਂ ਆਪਣੀਆਂ ਜੜ੍ਹਾਂ ਵੱਲ ਪਰਤਿਆ ਹੈ।

# ਪੰਜਾਬ ਸਰਕਾਰ ਦਾ ਇਤਿਹਾਸਕ ਕਦਮ, ਹਰ ਨਾਗਰਿਕ ਲਈ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦੀ ਯੋਜਨਾ

**ਚੰਡੀਗੜ੍ਹ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਾਗਰਿਕਾਂ ਨੂੰ ਸਿਹਤ ਬੀਮਾ ਕਵਰੇਜ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਨੇ ਇਕ ਇਤਿਹਾਸਕ ਕਦਮ ਚੁੱਕਿਆ ਹੈ। ਇਸ ਮਹੱਤਵਪੂਰਨ ਕਦਮ ਤਹਿਤ ਪੰਜਾਬ ਦੇ ਕਰੀਬ 65 ਲੱਖ ਪਰਿਵਾਰਾਂ (ਲਗਭਗ 6.5 ਕਰੋੜ ਲੋਕਾਂ) ਨੂੰ ਪਰਿਵਾਰ ਪਿੱਛੇ 10 ਲੱਖ ਰੁਪਏ ਦਾ ਸਿਹਤ ਬੀਮਾ ਕਵਰ ਦਿੱਤਾ ਜਾ ਰਿਹਾ ਹੈ। ਇਸ ਯੋਜਨਾ ਤਹਿਤ ਪੰਜਾਬ ਸੂਬੇ ਦੇ ਕਿਸੇ ਵੀ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿਚ ਨਕਦੀ ਰਹਿਤ ਅਤੇ ਕਾਗਜ਼ ਰਹਿਤ ਇਲਾਜ ਨੂੰ ਯਕੀਨੀ ਬਣਾਇਆ ਜਾਵੇਗਾ। ਪੰਜਾਬ ਸਰਕਾਰ ਨੇ ਕਿਹਾ ਹੈ ਕਿ ਇਸ ਯੋਜਨਾ ਤਹਿਤ ਪਰਿਵਾਰ ਦੇ ਆਕਾਰ ਦੀ ਕੋਈ ਸੀਮਾ ਨਹੀਂ ਹੋਵੇਗੀ, ਜਿਸ ਦੇ ਅਧੀਨ ਹਰ ਮੈਂਬਰ ਕਵਰ ਕੀਤਾ ਜਾਵੇਗਾ। ਸਰਕਾਰੀ ਮੁਲਾਜ਼ਮਾਂ, ਆਂਗਨਵਾੜੀ ਅਤੇ ਆਸ਼ਾ ਵਰਕਰ 100 ਫ਼ੀਸਦੀ ਯੋਜਨਾ ਹੇਠ ਕਵਰ ਹੋਣਗੇ।

ਪੰਜਾਬ ਹੁਣ ਦੁਨੀਆ ਦਾ ਪਹਿਲਾ ਸੂਬਾ ਬਣਨ ਵੱਲ ਵਧ ਰਿਹਾ ਹੈ, ਜਿਸ ਨੇ ਨਾ ਸਿਰਫ਼ ਯੂਨੀਵਰਸਲ ਹੈਲਥ ਕੇਅਰ ਦੀ ਗੱਲ ਕੀਤੀ ਹੈ, ਸਗੋਂ ਇਸ ਨੂੰ ਪ੍ਰਦਾਨ ਕਰਨ ਦੇ ਸਾਧਨ ਵੀ ਮੁਹੱਈਆ ਕਰਵਾਏ ਹਨ। ਪੰਜਾਬ ਭਰ ਵਿਚ ਇਹ ਸਕੀਮ ਜਲਦੀ ਹੀ ਲਾਗੂ ਕਰ ਦਿੱਤੀ ਜਾਵੇਗੀ। ਖ਼ਾਸ ਗੱਲ ਇਹ ਹੈ ਕਿ ਇਸ ਯੋਜਨਾ ਲਈ ਕਿਸੇ ਆਮਦਨ ਸਰਟੀਫਿਕੇਟ ਜਾਂ ਰਾਸ਼ਨ ਕਾਰਡ ਦੀ ਲੋੜ ਨਹੀਂ ਹੋਵੇਗੀ। ਬੱਸ ਪੰਜਾਬ ਦੇ ਵਸਨੀਕ ਹੋਣ ਦੀ ਤਸਦੀਕ ਲਈ ਆਧਾਰ ਕਾਰਡ ਜਾਂ ਵੋਟਰ ਆਈ. ਡੀ. ਕਾਰਡ ਨਾਲ ਹੀ ਕੈਸ਼ਲੈੱਸ ਇਲਾਜ ਲਈ ਹੈਲਥ ਕਾਰਡ ਬਣ ਜਾਵੇਗਾ। ਸਰਕਾਰੀ ਕਰਮਚਾਰੀ, ਆਂਗਣਵਾੜੀ ਵਰਕਰ ਅਤੇ ਆਸ਼ਾ ਵਰਕਰ ਵੀ ਇਸ ਯੋਜਨਾ ਵਿੱਚ ਕਵਰ ਹੋਣਗੇ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਹੁਣ ਕੋਈ ਨੀਲਾ, ਪੀਲਾ, ਕਾਰਡ ਨਹੀਂ ਦੇਖਿਆ ਜਾਵੇਗਾ, ਜੋ ਪੰਜਾਬ ਦਾ ਵਾਸੀ ਹੈ ਇਸ ਯੋਜਨਾ ਤਹਿਤ ਉਸ ਦਾ ਇਲਾਜ ਹੋਵੇਗਾ। ਇਸ ਯੋਜਨਾ ਤਹਿਤ ਸਰਕਾਰੀ ਤੇ ਨਿੱਜੀ ਹਸਪਤਾਲਾਂ 'ਚ ਹਰ ਬੀਮਾਰੀ ਦਾ ਮੁਫ਼ਤ ਇਲਾਜ ਹੋਵੇਗਾ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿਚ ਇਹ ਇਕ ਬਹੁਤ ਵੱਡੀ ਉਪਲੱਬਧੀ ਹੈ ਅਤੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਕਵਰ ਵਿਅਕਤੀਆਂ ਨੂੰ ਆਪਣੇ ਇਲਾਜ ਲਈ ਕੋਈ ਪੈਸਾ ਖ਼ਰਚ ਨਹੀਂ ਕਰਨਾ ਪਵੇਗਾ। ਅਕਸਰ ਹੀ ਬੀਮਾਰੀ ਦੀ ਸੂਰਤ 'ਚ ਲੋੜਵੰਦ ਪਰਿਵਾਰਾਂ ਦੀ ਸਾਰੀ ਜਮ੍ਹਾਂ ਪੂੰਜੀ ਇਲਾਜ 'ਤੇ ਹੀ ਖ਼ਰਚ ਹੋ ਜਾਂਦੀ ਸੀ ਪਰ ਹੁਣ ਇਹ ਰਾਸ਼ੀ ਲੋਕ ਆਪਣੇ ਪਰਿਵਾਰਾਂ ਦੀ ਬਿਹਤਰੀ ਲਈ ਖ਼ਰਚ ਸਕਦੇ ਹਨ।

# ਦਿੱਲੀ-NCR 'ਚ ਉਸਾਰੀ ਕੰਮਾਂ 'ਤੇ ਪੂਰਨ ਰੋਕ ਨਹੀਂ ਲਾ ਸਕਦੇ', ਪ੍ਰਦੂਸ਼ਣ 'ਤੇ ਸੁਪਰੀਮ ਕੋਰਟ ਦਾ ਵੱਡਾ ਬਿਆਨ

**ਨਵੀਂ ਦਿੱਲੀ, 24 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ (ਐਨ. ਸੀ. ਆਰ.) 'ਚ ਖ਼ਰਾਬ ਹੁੰਦੀ ਹਵਾ ਗੁਣਵੱਤਾ ਦਰਮਿਆਨ ਉਸਾਰੀ ਸਰਗਰਮੀਆਂ 'ਤੇ ਕਿਹਾ ਕਿ ਇਸ 'ਤੇ ਪੂਰਨ ਰੋਕ ਨਹੀਂ ਲਾ ਸਕਦੇ ਅਤੇ ਵਾਤਾਵਰਣ ਦੀਆਂ ਚਿੰਤਾਵਾਂ ਨੂੰ ਵਿਕਾਸ ਦੀਆਂ ਜ਼ਰੂਰਤਾਂ ਨਾਲ ਸੰਤੁਲਿਤ ਕੀਤਾ ਜਾਣਾ ਚਾਹੀਦਾ ਹੈ। ਚੀਫ ਜਸਟਿਸ ਬੀ. ਆਰ. ਗਵਈ ਦੀ ਅਗਵਾਈ ਵਾਲੀ ਬੈਂਚ ਨੇ ਰਾਸ਼ਟਰੀ ਰਾਜਧਾਨੀ 'ਚ ਹਵਾ ਪ੍ਰਦੂਸ਼ਣ ਨਾਲ ਜੁੜ ? ਇਕ ਮਾਮਲੇ ਦੀ ਸੁਣਵਾਈ ਕਰਦੇ ਹੋਏ ਕਿਹਾ, ਅਸੀਂ ਕੋਈ ਮਾਹਰ ਨਹੀਂ ਹਾਂ। ਬੈਂਚ ਨੇ ਕਿਹਾ ਕਿ ਉਹ ਦਿੱਲੀ ਦੇ ਵਿਗੜਦੇ ਹਵਾ ਗੁਣਵੱਤਾ ਸੂਚਕ ਅੰਕ (ਏ. ਕਿਊ. ਆਈ.) ਨੂੰ ਵੇਖਦੇ ਹੋਏ ਕੋਈ ਵੱਡਾ ਹੁਕਮ ਜਾਰੀ ਕਰਨ ਲਈ ਤਿਆਰ ਨਹੀਂ ਹੈ ਅਤੇ ਵਾਤਾਵਰਣ ਦੀ ਸੁਰੱਖਿਆ ਵਿਕਾਸ ਦੇ ਨਾਲ-ਨਾਲ ਹੋਣੀ ਚਾਹੀਦੀ ਹੈ।

ਕੌਮੀ ਪੱਤ੍ਰਿਕਾ

# ਸਵਿੱਤਰੀ ਬਾਈ ਸਕੂਲ ’ਚ ਖੇਡਾਂ ਤੇ ਇਨਾਮ ਵੰਡ ਸਮਾਰੋਹ



**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਵਿੱਤਰੀ ਬਾਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਲਾਨਾ ਖੇਡ ਮੇਲਾ ਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਸਮਾਗਮ ਦੌਰਾਨ ਵਿਦਿਆਰਥੀਆਂ ਨੇ ਵੱਖ ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨਾਮ ਵੰਡ ਸਮਾਰੋਹ ਦੌਰਾਨ ਮੁੱਖ ਮਹਿਮਾਨ ਬਾਬੈਨ ਦੇ ਸਰਪੰਚ ਸੰਜੀਵ ਸਿੰਗਲਾ ਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਜੱਸੀ ਨੇ ਜੇਤੂ ਖਿਡਾਰੀਆਂ ਦਾ ਇਨਾਮ ਤੇ ਤਗਮਿਆਂ ਨਾਲ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਯੋਗ ਤੇ ਸੱਭਿਆਚਾਰਕ ਪੇਸ਼ਕਾਰੀ ਮੁੱਖ ਸੀ। ਵਿਦਿਆਰਥੀਆਂ ਨੇ ਨਾਚ ਅਤੇ ਗੀਤਾਂ ਨਾਲ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਮੌਕੇ ਸਰਪੰਚ ਸੰਜੀਵ ਸਿੰਗਲਾ ਨੇ ਕਿਹਾ ਕਿ ਜੇਕਰ ਅਧਿਆਪਕ ਬੱਚਿਆਂ ਦੀ ਪ੍ਰਤਿਭਾ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਉਸੇ ਅਨੁਸਾਰ ਸਿੱਖਿਆ ਦੇਣ ਤਾਂ ਬੱਚੇ ਜ਼ਿੰਦਗੀ ਵਿੱਚ ਵੱਡੀ ਸਫਲਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਸਵੇਰ ਦੀ ਸਭਾ ਵਿੱਚ ਯੋਗ ਕਰਵਾਉਣ ਨਾਲ ਬੱਚੇ ਸਰੀਰਕ ਤੇ ਮਾਨਸਿਕ ਤੌਰ ’ਤੇ ਤੰਦਰੁਸਤ ਹੋਣਗੇ। ਖੇਡਾਂ ਦੀ ਮਹੱਤਤਾ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਖੇਡਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਖੁਸ਼ਬੂ ਸੈਣੀ ਨੇ ਸਮਾਗਮ ਵਿੱਚ ਹਿੱਸਾ ਲੈਣ ਵਾਲਿਆਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹੇ ਸਮਾਗਮਾਂ ਪਿੱਛੇ ਮੁੱਖ ਉਦੇਸ਼ ਬੱਚਿਆਂ ਵਿੱਚ ਅਨੁਸ਼ਾਸਨ, ਆਤਮ ਵਿਸਵਾਸ਼ ਤੇ ਖੇਡ ਭਾਵਨਾ ਪੈਦਾ ਕਰਨਾ ਹੈ। ਖੇਡ ਮੁਕਾਬਲਿਆਂ ਵਿੱਚ ਸਤਲੁਜ ਹਾਊਸ ਨੇ ਪਹਿਲਾ, ਹੁਗਲੀ ਹਾਊਸ ਨੇ ਦੂਜਾ ਅਤੇ ਪੈਰੀਅਰ ਹਾਊਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਬੰਧਕ ਅਕਸ਼ੈ ਸੈਣੀ ਨੇ ਸਮਾਰੋਹ ਦੌਰਾਨ ਸਰਬੋਤਮ ਹਾਊਸ ਪੁਰਸਕਾਰ ਦੇ ਨਤੀਜਿਆਂ ਦਾ ਐਲਾਨ ਵੀ ਕੀਤਾ ਤੇ ਸਤਲੁਜ ਹਾਊਸ ਦੇ ਜੇਤੂ ਵਿਦਿਆਰਥੀਆਂ ਨੂੰ ਟਰਾਫੀਆਂ ਭੇਟ ਕੀਤੀਆਂ। ਇਸ ਮੌਕੇ ਡਾ. ਰਿਸ਼ੀ ਸੈਣੀ, ਜੈਦੇਵ ਸਿੰਘ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਪੇ ਅਤੇ ਅਧਿਆਪਕ ਮੌਜੂਦ ਸਨ।

# ਐਨਕਾਉਂਟਰ ਦੌਰਾਨ ਪੀੜਤ ਲੜਕੀ ਦੇ ਭਰਾ ਸਮੇਤ ਚਾਰ ਕਾਬੂ



**ਰੋਹਤਕ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਅਣਖ ਲਈ ਕਤਲ ਦੇ ਮਾਮਲੇ ਵਿੱਚ ਵੱਡੀ ਸਫ਼ਲਤਾ ਹਾਸਲ ਕਰਦਿਆਂ ਸਥਾਨਕ ਪੁਲੀਸ ਨੇ ਵੀਰਵਾਰ ਦੇਰ ਰਾਤ ਲਾਢੋਤ-ਬੋਹਰ ਸੜਕ ’ਤੇ ਇੱਕ ਮੁਕਾਬਲੇ ਤੋਂ ਬਾਅਦ ਪੀੜਤ ਲੜਕੀ ਦੇ ਭਰਾ ਸਮੇਤ ਚਾਰ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਗੋਲੀਬਾਰੀ ਦੌਰਾਨ ਮੁਲਜ਼ਮਾਂ ਦੀਆਂ ਲੱਤਾਂ ’ਤੇ ਗੋਲੀਆਂ ਲੱਗੀਆਂ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਰੋਹਤਕ ਪੀਜੀਆਈ ਵਿੱਚ ਦਾਖਲ ਕਰਵਾਇਆ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ ਕਾਬੂ ਕੀਤੇ ਮੁਲਜ਼ਮਾਂ ਦੀ ਪਛਾਣ ਸੰਜੂ ਅਤੇ ਰਾਹੁਲ ਵਾਸੀ ਪਿੰਡ ਕਾਹਨੀ, ਅੰਕਿਤ ਉਰਫ ਬਾਬਾ ਅਤੇ ਗੌਰਵ ਵਾਸੀ ਪਿੰਡ ਰੁਖੀ ਜ਼ਿਲ੍ਹਾ ਸੋਨੀਪਤ ਵਜੋਂ ਹੋਈ ਹੈ। ਪੁਲੀਸ ਨੇ ਉਨ੍ਹਾਂ ਪਾਸੋਂ ਚਾਰ ਪਿਸਤੌਲ, 10 ਜ਼ਿੰਦਾ ਕਾਰਤੂਸ, 10 ਖਾਲ੍ਹੀ ਕਾਰਤੂਸ, ਦੋ ਮੈਗਜ਼ਿਨ ਅਤੇ ਇੱਕ ਸਪਲੈਂਡਰ ਮੋਟਰਸਾਈਕਲ ਬਰਾਮਦ ਕੀਤਾ ਹੈ।

ਕਾਬੂ ਕੀਤੇ ਸਾਰੇ ਵਿਅਕਤੀ ਕਾਹਨੀ ਪਿੰਡ ਦੇ ਸਪਨਾ ਕਤਲ ਕੇਸ ਵਿੱਚ ਮੁਲਜ਼ਮ ਹਨ। 23 ਸਾਲਾ ਸਪਨਾ ਨੂੰ ਕਥਿਤ ਤੌਰ ’ਤੇ ਉਸ ਦੇ ਸਹੁਰੇ ਘਰ ਵਿੱਚ ਭਰਾ ਸੰਜੂ ਅਤੇ ਤਿੰਨ ਹੋਰਾਂ ਵੱਲੋਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਜਦ ਕਿ ਇਸ ਦੌਰਾਨ ਬਚਾਅ ਕਰਨ ਮੌਕੇ ਸਪਨਾ ਦਾ ਦਿਓਰ ਸਾਹਿਲ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ ਸੀ। ਜ਼ਿਕਰਯੋਗ ਹੈ ਕਿ ਸੰਜੂ ਆਪਣੀ ਭੈਣ ਨਾਲ ਇਸ ਗੱਲ ਕਾਰਨ ਨਾਰਾਜ਼ ਸੀ ਕਿ ਉਸ ਨੇ ਪਰਿਵਾਰ ਦੀ ਮਰਜ਼ੀ ਤੋਂ ਬਿਨਾਂ ਪਿੰਡ ਦੇ ਹੀ ਇੱਕ ਨੌਜਵਾਨ ਨਾਲ ਤਿੰਨ ਸਾਲ ਪਹਿਲਾਂ ਪ੍ਰੇਮ ਵਿਆਹ ਕਰਵਾ ਲਿਆ ਸੀ।

# ਬੱਚਿਆਂ ਦਾ ਸਨਮਾਨ ਕੀਤਾ ਗਿਆ

**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਆਰੀਆ ਕੰਨਿਆ ਕਾਲਜ ਵੱਲੋਂ ਦਿਵਿਆਂਗ ਵਿਦਿਆਰਥਣਾਂ ਲਈ ਪ੍ਰੀਖਿਆ ਵਿੱਚ ਸਹਾਇਤਾ ਬਾਰੇ ਜਾਗਰੂਕਤਾ ਵਰਕਸ਼ਾਪ ਕਰਵਾਈ ਗਈ। ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਯੂਨੀਵਰਸਿਟੀ ਪ੍ਰੀਖਿਆਵਾਂ ਦੌਰਾਨ ਸਹੂਲਤਾਂ ਅਤੇ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦੇਣਾ ਸੀ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਡਾ. ਆਰਤੀ ਤ੍ਰੇਹਨ ਨੇ ਸਬੰਧਤ ਸਹੂਲਤਾਂ, ਅਧਿਕਾਰਾਂ ਤੇ ਸਹਾਇਤਾ ਪ੍ਰਣਾਲੀਆਂ ਬਾਰੇ ਬੋਲਦੇ ਹੋਏ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਹਰੇਕ ਵਿਦਿਆਰਥੀ ਤੇ ਅਧਿਆਪਕ ਲਈ ਇਨਾਂ ਨਿਯਮਾਂ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ, ਜੋ ਦਿਵਿਆਂਗ ਵਿਦਿਆਰਥੀਆਂ ਦੀ ਪ੍ਰੀਖਿਆ ਵਿੱਚ ਸਹਾਇਤਾ ਕਰਨਗੇ। ਪ੍ਰਿੰਸੀਪਲ ਨੇ ਵਰਕਸ਼ਾਪ ਲਈ ਸਮਾਨ ਅਵਸਰ ਸੈੱਲ ਦੇ ਸਾਰੇ ਮੈਂਬਰਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਕੋਆਰਡੀਨੇਟਰ ਡਾ. ਮੁਮਤਾਜ਼ ਕੋਆਰਡੀਨੇਟਰ ਨੇ ਯੂਨੀਵਰਸਿਟੀ ਦੇ ਵਿਦਿਅਕ ਅਦਾਰਿਆਂ ਵਲੋਂ ਦਿਵਿਆਂਗ ਵਿਦਿਆਰਥੀਆਂ ਲਈ ਵਿਸ਼ੇਸ਼ ਪ੍ਰੀਖਿਆ ਸਹੂਲਤਾਂ, ਜਿਵੇਂ ਕਿ ਲਿਖਾਰੀ, ਵਾਧੂ ਸਮਾਂ, ਸਹਾਇਕ ਉਪਕਰਨ ਤੇ ਵਿਸ਼ੇਸ਼ ਪ੍ਰਸ਼ਨ ਪੱਤਰਾਂ ਬਾਰੇ ਦਿੱਸਿਆ। ਵਰਕਸ਼ਾਪ ਵਿੱਚ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਹਰੇਕ ਵਿਦਿਆਰਥੀ ਨੂੰ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਤੇ ਸਰਕਾਰੀ ਦਿਸ਼ਾ ਨਿਰਦੇਸ਼ ਦਿਵਿਆਂਗ ਵਿਦਿਆਰਥੀਆਂ ਲਈ ਪ੍ਰੀਖਿਆ ਪ੍ਰਕਿਰਿਆ ਨੂੰ ਕਿਵੇਂ ਆਸਾਨ ਬਣਾਉਂਦੇ ਹਨ। ਵਰਕਸ਼ਾਪ ਵਿਚ ਵਿਦਿਆਰਥੀਆਂ ਨੂੰ ਪਹਿਲੀ ਵਾਰ ਜਾਣਕਾਰੀ ਦਿੱਤੀ ਗਈ। ਅੰਤ ਵਿਚ ਬਰਾਬਰ ਮੌਕੇ ਸੈੱਲ ਤੋਂ ਡਾ. ਸਿਮਰਜੀਤ ਕੌਰ, ਡਾ. ਰਾਜਿੰਦਰ ਕੌਰ ਤੇ ਪਰਵਿੰਦਰ ਕੌਰ ਨੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿਚ ਅਜਿਹੇ ਪ੍ਰੋਗਰਾਮ ਜਾਰੀ ਰੱਖਣ ਦਾ ਵਾਅਦਾ ਕੀਤਾ। ਸਮਾਗਮ ਵਿੱਚ 35 ਭਾਗੀਦਾਰਾਂ ਨੇ ਸ਼ਮੂਲੀਅਤ ਕੀਤੀ।

# ਸ੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਕੁਰੂਕਸ਼ੇਤਰ ਵਿੱਚ ਕੁਦਰਤੀ ਇਲਾਜ ਦਿਵਸ ਮੌਕੇ ਸੈਮੀਨਾਰ



**ਨਾਰਾਇਣਗੜ੍ਹ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਐੱਸ ਡੀ ਐੱਮ ਸ਼ਿਵਜੀਤ ਭਾਰਤੀ ਨੇ ਜਨ ਸੁਣਵਾਈ ਕੈਂਪ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮੱਸਿਆਵਾਂ ਦੇ ਹੱਲ ਲਈ ਨਿਰਦੇਸ਼ ਦਿੱਤੇ। ਐੱਸ ਡੀ ਐੱਮ ਨੇ ਕਿਹਾ ਕਿ ਅਧਿਕਾਰੀ ਕੈਂਪ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪਹਿਲ ਦੇ ਆਧਾਰ ’ਤੇ ਹੱਲ ਕਰਨ ਅਤੇ ਸਮੱਸਿਆ ਦਾ ਹੱਲ ਕਰਨ ਤੋਂ ਬਾਅਦ ਇਸ ਦੀ ਰਿਪੋਰਟ ਐੱਸ ਡੀ ਐੱਮ ਦਫ਼ਤਰ ਨੂੰ ਸੌਂਪਣ।

ਕੈਂਪ ਵਿੱਚ ਏਕਤਾ ਕਲੋਨੀ ਦੇ ਅਨਿਲ ਕੁਮਾਰ ਨੇ ਦੱਸਿਆ ਕਿ ਨਾਲੀਆਂ ਦੀ ਸਫਾਈ ਕੀਤੀ ਜਾਵੇ ਅਤੇ ਗਲੀ ਦੀ ਮੁਰੰਮਤ ਕੀਤੀ ਜਾਵੇ। ਕੋਡਵਾ ਪਿੰਡ ਦੇ ਦਲਵਿੰਦਰ ਸਿੰਘ ਨੇ ਦੱਸਿਆ ਕਿ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਹਟਾਏ ਜਾਣ। ਪਿੰਡ ਨਖੜੌਲੀ ਦੇ ਸਰੋਜ ਨੇ ਬੀ ਪੀ ਐੱਲ ਕਾਰਡ ਨਾਲ ਸਬੰਧਤ ਸਮੱਸਿਆ ਚੁੱਕੀ। ਪਿੰਡ ਛੱਜਲ ਮਾਜਰਾ ਦੇ ਬਲਜੀਤ ਸਿੰਘ ਨੇ ਬੁਢਾਪਾ ਪੈਨਸ਼ਨ ਦੀ ਅਪੀਲ ਕੀਤੀ। ਪਿੰਡ ਅੰਬਲੀ ਦੇ ਰਾਮ ਪ੍ਰਕਾਸ਼ ਨੇ ਪਰਿਵਾਰਕ ਪਛਾਣ ਪੱਤਰ ਵਿੱਚ ਆਮਦਨ ਘਟਾਉਣ ਅਤੇ ਪਿੰਡ ਬ੍ਰਾਹਮਣ ਮਾਜਰਾ ਦੀ ਸੀਮਾ ਰਾਣੀ ਨੇ ਰਾਸ਼ਨ ਕਾਰਡ ਰੱਦ ਹੋਣ ਦੀ ਸਮੱਸਿਆ ਚੁੱਕੀ।

ਕਾਲਾ ਅੰਬ ਦੇ ਬਲਦੇਵ ਸਿੰਘ ਨੇ ਪੰਚਾਇਤੀ ਗਲੀ ਦਾ ਪੱਧਰ ਠੀਕ ਕਰਨ ਦੀ ਅਪੀਲ ਕੀਤੀ। ਪਿੰਡ ਨਗਲਾ ਰਾਜਪੂਤਾਂ ਦੀ ਵਿਦਿਆ ਦੇਵੀ ਨੇ ਬੁਢਾਪਾ ਪੈਨਸ਼ਨ ਦੀ ਬੇਨਤੀ ਕੀਤੀ। ਨਾਰਾਇਣਗੜ੍ਹ ਦੇ ਵਾਰਡ 12 ਦੇ ਵਸਨੀਕ ਕੁਲਦੀਪ ਸਿੰਘ ਨੇ ਪਰਿਵਾਰਕ ਪਛਾਣ ਪੱਤਰ ਵਿੱਚ ਜਾਤ ਦਰੁਸਤ ਕਰਵਾਉਣ ਸਬੰਧੀ ਸਮੱਸਿਆ ਚੁੱਕੀ।

ਇਸ ਮੌਕੇ ਨਾਇਬ ਤਹਿਸੀਲਦਾਰ ਸੁਨੀਲ ਕੁਮਾਰ, ਰੀਡਰ ਨਵੀਨ ਸੈਣੀ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਨਰਵਾਣਾ ਨਮੂਨੇ ਦਾ ਸ਼ਹਿਰ ਬਣੇਗਾ: ਬੇਦੀ

**ਜੀਂਦ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਹੈ ਕਿ ਸਾਲ 2026 ਨਰਵਾਣਾ ਦੇ ਵਿਕਾਸ ਦਾ ਵਰ੍ਹਾ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ 17 ਅਗਸਤ ਨੂੰ ਨਰਵਾਣਾ ਇਲਾਕੇ ਲਈ ਐਲਾਨੇ ਕਰੀਬ 300 ਕਰੋੜ ਰੁਪਏ ਦੀਆਂ ਵਿਕਾਸ ਯੋਜਨਾਵਾਂ ’ਤੇ ਜਲਦੀ ਹੀ ਕੰਮ ਸ਼ੁਰੂ ਹੋ ਜਾਵੇਗਾ। ਇਨ੍ਹਾਂ ਵਿੱਚ ਆਰਾਮ ਘਰ ਦੇ ਨਵੇਂ ਭਵਨ ਦੀ ਉਸਾਰੀ ਇਸੇ ਮਹੀਨੇ ਅਤੇ ਨਾਗਰਿਕ ਹਸਪਤਾਲ ਦੀ ਨਵੀਂ ਇਮਾਰਤ ਬਣਾਉਣ ਦਾ ਕਾਰਜ ਦਸੰਬਰ ਵਿੱਚ ਸ਼ੁਰੂ ਹੋ ਜਾਵੇਗਾ। ਇਸ ਤੋਂ ਇਲਾਵਾ ਹੋਰ ਸਾਰੇ ਵਿਕਾਸ ਕਾਰਜ ਵੀ ਲਗਪਗ ਇੱਕ ਸਾਲ ਵਿੱਚ ਪੂਰੇ ਕਰਵਾ ਦਿੱਤੇ ਜਾਣਗੇ। ਵਿਕਾਸ ਕਾਰਜ ਪੂਰੇ ਹੋਣ ਮਗਰੋਂ ਨਰਵਾਣਾ ਵਿਕਾਸ ਦੇ ਨਵੇਂ ਮਾਡਲ ਰੂਪ ਵਿੱਚ ਨਜ਼ਰ ਆਵੇਗਾ। ਕੈਬਨਿਟ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਮਹਾਰਿਸ਼ੀ ਬਾਲਮੀਕਿ ਭਵਨ



ਨਰਵਾਣਾ ਵਿੱਚ ਕੀਤੇ ਬੁੱਧੀਜੀਵੀ ਸੰਮੇਲਨ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਆਮ ਵਿਅਕਤੀ ਜਦੋਂ ਦੇਸ਼ ਵਿੱਚ ਬਣੀਆਂ ਚੀਜ਼ਾਂ ਨੂੰ ਪਹਿਲ ਦੇਵੇਗਾ ਅਤੇ ਵਿਦੇਸ਼ੀ ਉਤਪਾਦਾਂ ਤੋਂ ਦੂਰੀ ਬਣਾਵੇਗਾ ਤਾਂ ਭਾਰਤ ਖ਼ੁਦ ਹੀ ਵਿਕਸਤ ਰਾਸ਼ਟਰ ਬਣੇਗਾ। ਉਨ੍ਹਾਂ ਨੇ ਕਿਹਾ ਕਿ ਇਸ ਅਭਿਆਨ ਤੋਂ ਦੇਸ਼ ਵਿੱਚ ਕਾਰੋਬਾਰ ਅਤੇ ਸਬ-ਰੁਜ਼ਗਾਰ ਵਧੇਗਾ। ਇਸ ਦਾ ਸਿੱਧਾ ਫ਼ਾਇਦਾ ਭਾਰਤੀ ਉਦਯੋਗ, ਕਾਰਖਾਨੇਦਾਰਾਂ, ਵਪਾਰੀਆਂ ਅਤੇ ਪੜ੍ਹੇ-ਲਿਖੇ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਹੋਵੇਗਾ ਤੇ ਦੇਸ਼ ਦੇ ਆਰਥਿਕ ਢਾਂਚੇ ਨੂੰ ਮਜ਼ਬੂਤੀ ਮਿਲੇਗੀ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਢੁੱਲ, ਸਾਬਕਾ ਵਿਧਾਇਕ ਪਿਰਥੀ ਸਿੰਘ ਨੰਬਰਦਾਰ, ਰਾਮਫਲ ਮੋਰਖੀ, ਮਾਰਕੀਟ ਕਮੇਟੀ ਦੇ ਚੇਅਰਮੈਨ ਅਮਿਤ ਢਾਕਲ, ਸੱਤ ਪ੍ਰਕਾਸ਼ ਸੈਣੀ, ਰਾਜੇਸ਼ ਸ਼ਰਮਾ, ਵਿਨੈ ਮਿੱਤਲ, ਇਸ਼ਵਰ ਗੋਇਲ ਹਾਜ਼ਰ ਰਹੇ।

# ਕੁਦਰਤੀ ਇਲਾਜ ਬਾਰੇ ਜਾਗਰੂਕ ਕੀਤਾ

**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਕੁਰੂਕਸ਼ੇਤਰ ਵਿੱਚ ਕੁਦਰਤੀ ਇਲਾਜ ਦਿਵਸ ਮੌਕੇ ਸੈਮੀਨਾਰ ਕੀਤਾ ਗਿਆ। ਸੈਮੀਨਾਰ ਵਿੱਚ ਯੂਨੀਵਰਸਿਟੀ ਦੇ ਕਾਰਜਕਾਰੀ ਕੌਂਸਲ ਮੈਂਬਰ ਧਰਮਿੰਦਰ ਵਸ਼ਿਸ਼ਟ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੈਦ ਕਰਤਾਰ ਸਿੰਘ ਧੀਮਾਨ ਨੇ ਕੀਤੀ। ਇਸ ਮੌਕੇ ਮੁੱਖ ਮਹਿਮਾਨ ਧਰਮਿੰਦਰ ਵਸ਼ਿਸ਼ਟ ਨੇ ਕਿਹਾ ਕਿ ਅੱਜ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ ਹੈ ਤੇ ਇਸ ਦਾ ਮਾੜਾ ਪ੍ਰਭਾਵ ਸਿਹਤ ’ਤੇ ਪੈ ਰਿਹਾ ਹੈ। ਇਸ ਦੌਰਾਨ ਕੁਦਰਤੀ ਇਲਾਜ ਦੇ ਸਿਧਾਂਤਾ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਧੁੱਪ, ਵਰਤ ਰੱਖਣਾ ਤੇ ਖੁਰਾਕ ਥੈਰੇਪੀ ਕੁਦਰਤੀ ਇਲਾਜ ਦੇ ਆਧਾਰ ਹਨ। ਇਸ ਦੌਰਾਨ ਉਨ੍ਹਾਂ ਅਪੀਲ ਕੀਤੀ ਕਿ ਦੇਰ ਰਾਤ ਭੋਜਨ ਤੋਂ ਗੁਰੇਜ਼ ਕੀਤਾ ਜਾਵੇ।

# ਸ਼ਹੀਦੀ ਬਾਲ ਚੇਤਨਾ ਫੇਰੀ 22 ਨੂੰ

**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਤੇਗ ਬਹਾਦਰ ਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ ਤੋਂ 22 ਨਵੰਬਰ ਨੂੰ ਸਾਈਕਲ ਆਰਮੀ ਵਾਲੇ ਬੱਚਿਆਂ ਵੱਲੋਂ ਸ਼ਹੀਦੀ ਬਾਲ ਚੇਤਨਾ ਫੇਰੀ ਕੱਢੀ ਜਾਵੇਗੀ। ਸਾਈਕਲ ਆਰਮੀ ਦੇ ਇੰਚਾਰਜ ਉਪਕਾਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਗੁਰੂ ਨਾਨਕ ਦਰਬਾਰ ਤੋਂ ਸਾਈਕਲ ਆਰਮੀ ਵਾਲੇ ਬੱਚੇ 23 ਨਵੰਬਰ ਨੂੰ ਗੁਰਦੁਆਰੇ ’ਚ ਹੋਣ ਵਾਲੇ ਸ਼ਹੀਦੀ ਸਮਾਗਮ ਦਾ ਸੁਨੇਹਾ ਦੇਣ ਦੇ ਮਨੋਰਥ ਨਾਲ ਆਪਣੇ ਸਾਈਕਲਾਂ ’ਤੇ ਸ਼ਹਿਰ ਦੇ ਬਾਜ਼ਾਰਾਂ ਅਤੇ ਗਲੀ-ਮੁਹੱਲਿਆਂ ਵਿੱਚ ਮਾਰਚ ਕਰਨਗੇ। ਇਹ ਫੇਰੀ ਗੁਰਦੁਆਰੇ ਤੋਂ ਸ਼ੁਰੂ ਹੋ ਕੇ ਡਾਕਟਰ ਜਗਦੀਸ਼ ਲਾਲ ਵਾਲਿਆਂ ਤੋਂ ਠਾਕੁਰ ਦੁਆਰ ਮੰਦਿਰ ਤੋਂ ਤਰਲੋਚਨ ਸਿੰਘ ਹਾਂਡਾ, ਸਤਨਾਮ ਸਿੰਘ ਦੀ ਰਿਹਾਇਸ਼ ਤੋਂ ਹੁੰਦੇ ਹੋਏ ਨਿਛਾਬਰ ਸਿੰਘ ਐੱਮ ਸੀ ਵਾਲੀ ਗਲੀ ਤੋਂ ਪੁਰਾਣਾ ਬੈਂਕ ਬਾਜ਼ਾਰ, ਕਮੇਟੀ ਬਾਜ਼ਾਰ, ਜਗਦੀਸ਼ ਪਾਰਕ, ਪ੍ਰਤਾਪ ਮੰਡੀ ਗੇਟ, ਈਦਗਾਹ ਰੋਡ, ਰਾਜ ਬੁੱਕ ਡਿੱਪੂ ਤੋਂ ਦੁਰਗਾ ਮੰਦਰ, ਜਗਾਧਰੀ ਵਾਲਾ ਖੂਹ, ਸਬਜ਼ੀ ਮੰਡੀ ਤੋਂ ਹੁੰਦੇ ਹੋਏ ਵਾਪਸ ਗੁਰਦੁਆਰੇ ਆ ਕੇ ਸਮਾਪਤ ਹੋਵੇਗੀ।ਸਾਰੇ ਬੱਚਿਆਂ ਨੂੰ ਸਾਈਕਲ ਆਰਮੀ ਵਾਲੀ ਟੀ ਸ਼ਰਟ ਦਿੱਤੀ ਜਾਵੇਗੀ। ਬੱਚੇ ਕਾਲੇ ਰੰਗ ਦੀ ਪੈਂਟ ਜਾਂ ਕਾਲਾ ਲੋਅਰ ਵੀ ਪਾ ਸਕਦੇ ਹਨ। ਸਿਰ ’ਤੇ ਕੇਸਰੀ ਦੁਮਾਲੇ, ਪੱਗਾਂ ਜਾਂ ਪਟਕੇ ਸਜਾਏ ਜਾਣਗੇ। ਗੁਰੂ ਤੇਗ ਬਹਾਦਰ ਸਾਹਿਬ ਜੀਵਨ ’ਤੇ ਆਧਾਰਤ 12 ਸਕੂਲਾਂ ਦੇ ਬੱਚਿਆਂ ਦਾ ਟੈਸਟ ਲਿਆ ਗਿਆ ਸੀ। ਇਸ ਦਾ ਫਾਈਨਲ ਪੇਪਰ 21 ਨਵੰਬਰ ਨੂੰ ਗੁਰੂ ਨਾਨਕ ਪ੍ਰੀਤਮ ਗਰਲਜ਼ ਸਕੂਲ ਵਿੱਚ ਹੋਵੇਗਾ। ਪਹਿਲੇ ਨੰਬਰ ’ਤੇ ਆਉਣ ਵਾਲੇ ਵਿਦਿਆਰਥੀ ਨੂੰ 5100 ਰੁਪਏ, ਦੂਜੇ ਸਥਾਨ ਵਾਲੇ ਨੂੰ 3100 ਰੁਪਏ ਤੇ ਤੀਜੇ ਸਥਾਨ ’ਤੇ ਰਹਿਣ ਵਾਲੇ ਨੂੰ 2100 ਰੁਪਏ ਅਤੇ ਹੌਸਲਾ-ਅਫ਼ਜਾਈ ਇਨਾਮ 1100 ਰੁਪਏ ਦਿੱਤਾ ਜਾਵੇਗਾ।

# ਖੇਡਾਂ ’ਚ ਸਤਲੁਜ ਸਕੂਲ ਦੀ ਝੰਡੀ



**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਐੱਮ ਐੱਨ ਕਾਲਜ ਵਿੱਚ ਸੰਸਦ ਖੇਡ ਮੁਕਾਬਲੇ ਵਿੱਚ ਸਤਲੁਜ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਕਈ ਤਗਮੇ ਜਿੱਤੇ।

ਸਕੂਲ ਪ੍ਰਿੰਸੀਪਲ ਡਾ. ਆਰ ਐੱਸ ਘੁੰਮਣ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਟੈਗ ਆਫ ਵਾਰ ਮੁਕਾਬਲੇ ’ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ 21 ਹਜ਼ਾਰ ਰੁਪਏ ਦਾ ਪਹਿਲਾ ਇਨਾਮ ਜਿੱਤਿਆ। ਖੋ-ਖੋ ਵਿੱਚ ਦੂਜਾ ਸਥਾਨ ਲੈ ਕੇ 11 ਹਜ਼ਾਰ ਦਾ ਇਨਾਮ ਪ੍ਰਾਪਤ ਕੀਤਾ। ਸਕੂਲ ਦੇ ਸਿਮਰਨਜੀਤ ਨੇ ਅਥਲੈਟਿਕ ਵਿੱਚ 400 ਮੀਟਰ ਦੀ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰ ਕੇ 2100 ਰੁਪਏ ਦਾ ਇਨਾਮ ਹਾਸਲ ਕੀਤਾ। ਲਕਸ਼ਮੀ ਨੇ ਦੂਜਾ ਸਥਾਨ ਹਾਸਲ ਕਰ ਕੇ 1100 ਰੁਪਏ ਦਾ ਨਗਦ ਇਨਾਮ ਜਿੱਤਿਆ। ਸਕਿਪਿੰਗ ’ਚ ਸ਼੍ਰਿਸ਼ਟੀ ਨੇ ਦੂਜਾ ਸਥਾਨ ਪ੍ਰਾਪਤ ਕਰ ਕੇ 1100 ਰੁਪਏ ਦਾ ਇਨਾਮ ਜਿੱਤਿਆ।

ਭਾਜਪਾ ਨੇਤਾ ਸੁਭਾਸ਼ ਕਲਸਾਣਾ ਨੇ ਜੇਤੂਆਂ ਨੂੰ ਇਨਾਮ ਵੰਡੇ। ਵਾਈਸ ਪ੍ਰਿੰਸੀਪਲ ਸਤਬੀਰ ਸਿੰਘ, ਪ੍ਰਬੰਧਕ ਮਨੋਜ ਭਸੀਨ, ਡੀ ਪੀ ਈ ਮਨਦੀਪ, ਅਨੰਨਿਆ ਤੇ ਸਟਾਫ ਨੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

# ਵੱਖ-ਵੱਖ ਸੂਬਿਆਂ ਦੇ ਕਲਾਕਾਰਾਂ ਨੇ ਲਾਈਆਂ ਰੌਣਕਾਂ



**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕੌਮਾਂਤਰੀ ਗੀਤਾ ਮਹਾਂਉਤਸਵ ਦਾ ਮੰਚ ਦੇਸ਼ ਦੀ ਸੰਸਕ੍ਰਿਤੀ ਤੇ ਕਾਰੀਗਰੀ ਦਾ ਮੁੱਖ ਕੇਂਦਰ ਬਣ ਗਿਆ ਹੈ। ਇਸ ਉਤਸਵ ਦੇ ਮੰਚ ’ਤੇ ਵੱਖ-ਵੱਖ ਸੂਬਿਆਂ ਦੀ ਕਾਰੀਗਰੀ ਤੇ ਲੋਕ ਸੱਭਿਆਚਾਰ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਕੌਮਾਂਤਰੀ ਗੀਤਾ ਮਹਾਂਉਤਸਵ ਦੇ ਸ਼ਿਲਪਕਾਰੀ ਤੇ ਸਰਸ ਮੇਲੇ ਦਾ ਅੱਜ ਚੌਥਾ ਦਿਨ ਸੀ ਅਤੇ ਸੈਲਾਨੀਆਂ ਦੀ ਗਿਣਤੀ ਵਿੱਚ ਰੋਜ਼ਾਨਾ ਲਗਾਤਾਰ ਵਾਧਾ ਹੋ ਰਿਹਾ ਹੈ। ਬ੍ਰਹਮਸਰੋਵਰ ਦੇ ਘਾਟਾਂ ’ਤੇ ਕਲਾਕਾਰਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਕੁਝ ਘਾਟਾਂ ’ਤੇ ਪੰਜਾਬੀ, ਕੁਝ ’ਤੇ ਹਰਿਆਣਵੀ ਅਤੇ ਕਿਤੇ ਹਿਮਾਚਲ ਦਾ ਸਭਿਅਚਾਰਾ ਨੂੰ ਦੇਖਣ ਨੂੰ ਮਿਲ ਰਿਹਾ ਹੈ। ਇਸ ਦਾ ਆਨੰਦ ਲੈਣ ਦੇ ਨਾਲ ਨਾਲ ਲੋਕ ਬ੍ਰਹਮ ਸਰੋਵਰ ਦੇ ਆਲੇ-ਦੁਆਲੇ ਲਾਏ ਸਰਸ ਅਤੇ ਸ਼ਿਲਪਕਾਰੀ ਮੇਲੇ ਵਿੱਚ ਵੀ ਪੁੱਜ ਰਹੇ ਹਨ। ਇਸ ਸਾਲ ਮੇਲੇ ਵਿੱਚ 800 ਸਟਾਲ ਲਗਾਏ ਗਏ ਹਨ। ਇਨ੍ਹਾਂ ਵਿੱਚ ਕੌਮੀ ਤੇ ਸੂਬਾ ਪੱਧਰੀ ਪੁਰਸਕਾਰ ਜੇਤੂ ਕਾਰੀਗਰ ਸ਼ਾਮਲ ਹਨ।

ਉੱਤਰੀ ਜ਼ੋਨ ਸਭਿਆਚਾਰਕ ਕਲਾ ਕੇਂਦਰ (ਐੱਨ ਜ਼ੈੱਡ ਸੀ ਸੀ) ਦੇ ਅਧਿਕਾਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਸੈਲਾਨੀ ਪੰਜਾਬ, ਹਿਮਾਚਲ, ਜੰਮੂ ਕਸ਼ਮੀਰ, ਉੱਤਰਖੰਡ, ਰਾਜਸਥਾਨ ਦੇ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਦਾ ਆਨੰਦ ਲੈ ਰਹੇ ਹਨ।

ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਨੇ ਦੱਸਿਆ ਕਿ ਜਿੱਥੇ ਕੌਮਾਂਤਰੀ ਗੀਤਾ ਮਹਾਂਉਤਸਵ ਦਾ ਸ਼ਿਲਪ ਤੇ ਸਰਸ ਮੇਲਾ ਪੰਜ ਦਸੰਬਰ ਤਕ ਜਾਰੀ ਰਹੇਗਾ, ਉੱਥੇ ਇਹ ਸਮਾਗਮ ਦੇ 24 ਨਵੰਬਰ ਤੋਂ ਪਹਿਲੀ ਦਸੰਬਰ ਤਕ ਚੱਲਣਗੇ। ਮੁੱਖ ਸਮਾਗਮ ਬ੍ਰਹਮਸਰੋਵਰ ਪੁਰਸ਼ੋਤਮ ਪੁਰਾ ਬਾਗ ਵਿੱਚ ਹੋਣਗੇ। ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

# ਨੌਜਵਾਨਾਂ ਦਾ ਸਰਬਪੱਖੀ ਵਿਕਾਸ ਕਰਦੀਆਂ ਨੇ ਖੇਡਾਂ: ਖਹਿਰਾ

**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜੇ ਜੇ ਪੀ ਯੂਥ ਦੇ ਸਟੇਟ ਸੀਨੀਅਰ ਵਾਈਸ ਪ੍ਰਧਾਨ ਜਸਵਿੰਦਰ ਸਿੰਘ ਖਹਿਰਾ ਨੇ ਅੱਜ ਪਿੰਡ ਚਨਾਰਹੇੜੀ ਵਿੱਚ ਇੱਕ ਰੋਜ਼ਾ ਕ੍ਰਿਕਟ ਟੂਰਨਾਮੈਂਟ ’ਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪਿੰਡ ਪੁੱਜਣ ’ਤੇ ਉਨ੍ਹਾਂ ਦਾ ਪਿੰਡ ਵਾਸੀਆਂ ਤੇ ਖਿਡਾਰੀਆਂ ਨੇ ਸਵਾਗਤ ਕੀਤਾ। ਸ੍ਰੀ ਖਹਿਰਾ ਨੇ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ। ਸ੍ਰੀ ਖਹਿਰਾ ਨੇ ਕਿਹਾ ਕਿ ਖੇਡਾਂ ਸਿਰਫ਼ ਮਨੋਰੰਜਨ ਦਾ ਸਾਧਨ ਹੀ ਨਹੀਂ ਹਨ ਸਗੋਂ ਅਨੁਸ਼ਾਸਨ, ਸਖ਼ਤ ਮਿਹਨਤ, ਟੀਮ ਵਰਕ ਤੇ ਲੀਡਰਸ਼ਿਪ ਦਾ ਸਭ ਤੋਂ ਵੱਡਾ ਮੰਚ ਹਨ। ਉਨਾਂ ਕਿਹਾ ਕਿ ਪੇਂਡੂ ਨੌਜਵਾਨਾਂ ਵਿੱਚ ਅਥਾਹ ਹੁਨਰ ਹੁੰਦਾ ਹੈ ਤੇ ਜੇ ਉਨ੍ਹਾਂ ਨੂੰ ਸਹੀ ਸੇਧ ਦਿੱਤੀ ਜਾਵੇ ਤਾਂ ਉਹ ਸੂਬਾ ਤੇ ਕੌਮੀ ਪੱਧਰ ’ਤੇ ਪਛਾਣ ਬਣਾ ਸਕਦੇ ਹਨ।

# ਜਨਤਕ ਪਖਾਨਿਆਂ ’ਚ ਸ਼ਫ਼ਾਈ ਦੀ ਘਾਟ



**ਸ਼ਾਹਬਾਦ ਮਾਰਕੰਡਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਰਕੀਟ ਕਮੇਟੀ ਬਾਬੈਨ ਦੀਆਂ ਦੁਕਾਨਾਂ ਵਿੱਚ ਬਣੇ ਜਨਤਕ ਪਖਾਨੇ ਸਫ਼ਾਈ ਦੀ ਘਾਟ ਕਾਰਨ ਗੰਦਗੀ ਤੇ ਬਿਮਾਰੀਆਂ ਦਾ ਕਾਰਨ ਸਥਾਨ ਬਣ ਰਹੇ ਹਨ।

ਸਰਕਾਰ ਦੇ ਸਫ਼ਾਈ ਦੇ ਦਾਅਵਿਆਂ ਦੇ ਉਲਟ ਹਾਲਾਤ ਦੇ ਚੱਲਦਿਆਂ ਲੋਕ ਪਖਾਨਿਆਂ ਦੀ ਵਰਤੋਂ ਕਰਨ ਤੋਂ ਡਰਨ ਲੱਗੇ ਹਨ। ਕਰੀਬ 10 ਸਾਲ ਪਹਿਲਾਂ ਮਾਰਕੀਟ ਕਮੇਟੀ ਬਾਬੈਨ ਨੇ ਮਾਰਕੀਟ ਵਿੱਚ ਜਨਤਕ ਪਖਾਨਾ ਬਣਾਇਆ ਸੀ ਪਰ ਇੱਥੇ ਸਫ਼ਾਈ ਰੱਖਣ ਦੇ ਪ੍ਰਬੰਧ ਢੁਕਵੇਂ ਨਹੀਂ ਕੀਤੇ ਗਏ।

ਕੁਝ ਦਿਨ ਪਹਿਲਾਂ ਮਾਰਕੀਟ ਕਮੇਟੀ ਦੇ ਦੁਕਾਨਦਾਰਾਂ ਨੇ ਰੁਪਏ ਇਕੱਠੇ ਕਰ ਕੇ ਇਨ੍ਹਾਂ ਪਖਾਨਿਆਂ ਦੀ ਸਫ਼ਾਈ ਲਈ ਕੋਈ ਵਿਅਕਤੀ ਨੂੰ ਰੱਖਿਆ ਸੀ। ਅਜਿਹਾ ਕੁਝ ਹੀ ਦਿਨ ਚੱਲਿਆ ਕਿਉਂਕਿ ਕੁਝ ਦੁਕਾਨਦਾਰਾਂ ਨੇ ਮਹੀਨਾਵਾਰ ਪੈਸੇ ਦੇਣੇ ਬੰਦ ਕਰ ਦਿੱਤੇ। ਇਸ ਮਗਰੋਂ ਇਹ ਇਹ ਪਖਾਨੇ ਮੁੜ ਗੰਦਗੀ ਨਾਲ ਪਰ ਗਏ। ਇੱਥੇ ਫੈਲੀ ਗੰਦਗੀ ਕਾਰਨ ਲੋਕ ਪਖਾਨੇ ਦੀ ਵਰਤੋਂ ਨਹੀਂ ਕਰਦੇ।

ਇਸ ਸਬੰਧੀ ਦੁਕਾਨਦਾਰ ਸੋਹਨ ਲਾਲ ਨੇ ਕਿਹਾ ਕਿ ਲੋਕ ਜਨਤਕ ਕੰਮਾਂ ਪ੍ਰਤੀ ਗੰਭੀਰ ਨਹੀਂ ਹਨ। ਇਸ ਕਾਰਨ ਲੱਖਾਂ ਦੀ ਲਾਗਤ ਨਾਲ ਬਣੇ ਇਹ ਪਖਾਨੇ ਬਿਨਾਂ ਵਰਤੋਂ ਦੇ ਹੀ ਪਏ ਹਨ।

ਉਨ੍ਹਾਂ ਕਿਹਾ ਕਿ ਕੁਝ ਦਿਨ ਤਾਂ ਸਾਰੇ ਦੁਕਾਨਦਾਰਾਂ ਨੇ ਪੈਸੇ ਦਿੱਤੇ ਪਰ ਕੁਝ ਦਿਨਾਂ ਬਾਅਦ ਹੌਲੀ-ਹੌਲੀ ਦੁਕਾਨਦਾਰਾਂ ਨੇ ਪੈਸੇ ਦੇਣੇ ਬੰਦ ਕਰ ਦਿੱਤੇ। ਆਮ ਲੋਕਾਂ ਤੇ ਦੁਕਾਨਦਾਰਾਂ ਨੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਪਖਾਨਿਆਂ ਦੀ ਸਫ਼ਾਈ ਸਰਕਾਰੀ ਪੱਧਰ ਤੇ ਕਰਾਈ ਜਾਵੇ।

# ਪੰਜਾਬ ਵਿੱਚ ਫਰੀਦਕੋਟ ਅਤੇ ਹਰਿਆਣਾ ਵਿੱਚ ਨਾਰਨੌਲ ਸਭ ਤੋਂ ਠੰਢੇ ਰਹੇ

**ਚੰਡੀਗੜ੍ਹ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**



ਬੁੱਧਵਾਰ ਨੂੰ ਪੰਜਾਬ ਵਿੱਚ ਫਰੀਦਕੋਟ ਸਭ ਤੋਂ ਠੰਢਾ ਸਥਾਨ ਰਿਹਾ ਜਿੱਥੇ ਘੱਟੋ-ਘੱਟ ਤਾਪਮਾਨ 6.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਬੁੱਧਵਾਰ ਨੂੰ ਬਠਿੰਡਾ ਵਿੱਚ 7.8 ਡਿਗਰੀ ਸੈਲਸੀਅਸ ਦੇ ਨਾਲ ਰਾਤ ਠੰਢੀ ਰਹੀ, ਜਦੋਂ ਕਿ ਗੁਰਦਾਸਪੁਰ ਵਿੱਚ ਘੱਟੋ-ਘੱਟ ਤਾਪਮਾਨ 8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

ਉਧਰ ਹਰਿਆਣਾ ਵਿੱਚ ਨਾਰਨੌਲ 6.8 ਡਿਗਰੀ ਸੈਲਸੀਅਸ ਦੇ ਨਾਲ ਸਭ ਤੋਂ ਠੰਢਾ ਰਿਹਾ, ਇਸ ਤੋਂ ਬਾਅਦ ਹਿਸਾਰ ਵਿੱਚ 7.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਗੁਰੂਗ੍ਰਾਮ ਵਿੱਚ ਘੱਟੋ-ਘੱਟ ਤਾਪਮਾਨ 11.1 ਡਿਗਰੀ ਸੈਲਸੀਅਸ, ਕਰਨਾਲ ਅਤੇ ਭਿਵਾਨੀ ਵਿੱਚ 9 ਡਿਗਰੀ, ਰੋਹਤਕ ਵਿੱਚ 9.4 ਡਿਗਰੀ, ਅੰਬਾਲਾ ਵਿੱਚ 11.7 ਡਿਗਰੀ, ਅਤੇ ਸਿਰਸਾ ਵਿੱਚ ਘੱਟੋ-ਘੱਟ 10.2 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ।

ਦੋਵਾਂ ਰਾਜਾਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਘੱਟੋ-ਘੱਟ 9.8 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ।

# ਐਕਸਿਸ ਮਿਊਚੁਅਲ ਫੰਡ ਨੇ ਐਕਸਿਸ ਮਲਟੀ-ਐਸੇਟ ਐਕਟਿਵ FOF (ਫੰਡ ਆਫ਼ ਫੰਡ) ਲਾਂਚ ਕੀਤਾ

**ਚੰਡੀਗੜ੍ਹ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀਆਂ ਪ੍ਰਮੁੱਖ ਸੰਪਤੀ ਪ੍ਰਬੰਧਨ ਕੰਪਨੀਆਂ ਵਿੱਚੋਂ ਇੱਕ, ਐਕਸਿਸ ਮਿਊਚੁਅਲ ਫੰਡ ਨੇ ਐਕਸਿਸ ਮਲਟੀ-ਐਸੇਟ ਐਕਟਿਵ ਫੰਡ ਆਫ਼ ਫੰਡ (6®6) ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ ਇੱਕ ਓਪਨ-ਐਂਡ ਫੰਡ ਆਫ਼ ਫੰਡ ਸਕੀਮ ਹੈ ਜੋ ਇਕੁਇਟੀ-ਓਰੀਐਂਟਿਡ ਅਤੇ ਕਰਜ਼ਾ-ਓਰੀਐਂਟਿਡ ਮਿਊਚੁਅਲ ਫੰਡ ਸਕੀਮਾਂ ਅਤੇ ਵਸਤੂ-ਅਧਾਰਤ 5“6 ਵਿੱਚ ਨਿਵੇਸ਼ ਕਰੇਗੀ। ਇਸ ਨਵੀਂ ਫੰਡ ਪੇਸ਼ਕਸ਼ (©6®) ਲਈ ਗਾਹਕੀ ਦੀ ਮਿਆਦ 21 ਨਵੰਬਰ, 2025 ਤੋਂ 5 ਦਸੰਬਰ, 2025 ਤੱਕ ਹੋਵੇਗੀ। ਇਸ ਫੰਡ ਦੀ ਸ਼ੁਰੂਆਤ ’ਤੇ ਬੋਲਦੇ ਹੋਏ, ਐਕਸਿਸ ਏਐਮਸੀ ਦੇ ਐਮਡੀ ਅਤੇ ਸੀਈਓ ਬੀ. ਗੋਪਾਕੁਮਾਰ ਨੇ ਕਿਹਾ: ÷ਐਕਸਿਸ ਮਿਊਚੁਅਲ ਫੰਡ ਨਵੀਨਤਾਕਾਰੀ ਹੱਲਾਂ ਰਾਹੀਂ ਨਿਵੇਸ਼ ਨੂੰ ਸਰਲ ਬਣਾਉਣ ਲਈ ਵਚਨਬੱਧ ਹੈ ਜੋ ਨਿਵੇਸ਼ਕਾਂ ਨੂੰ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰਦੇ ਹਨ। ਇਸ ਉਦੇਸ਼ ਵੱਲ, ਐਕਸਿਸ ਮਲਟੀ-ਐਸੇਟ ਐਕਟਿਵ 6ዏ6 ਕਈ ਉਤਪਾਦਾਂ ਦੇ ਪ੍ਰਬੰਧਨ ਦੀ ਪਰੇਸ਼ਾਨੀ ਤੋਂ ਬਿਨਾਂ ਇੱਕ ਜਗ੍ਹਾ ’ਤੇ ਵਿਭਿੰਨਤਾ ਦੀ ਮੰਗ ਕਰਨ ਵਾਲੇ ਨਿਵੇਸ਼ਕਾਂ ਲਈ ਇੱਕ ਸ਼ਾਨਦਾਰ ਵਿਕਲਪ ਹੈ। ਇਕੁਇਟੀ, ਕਰਜ਼ਾ ਅਤੇ ਵਸਤੂਆਂ ਨੂੰ ਗਤੀਸ਼ੀਲ ਤੌਰ ’ਤੇ ਜੋੜ ਕੇ, ਸਾਡਾ ਉਦੇਸ਼ ਨਿਵੇਸ਼ਕਾਂ ਨੂੰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਅਤੇ ਘੱਟ ਜੋਖਮ ਨਾਲ ਵਧੀਆ ਰਿਟਰਨ ਪ੍ਰਦਾਨ ਕਰਨ ਵਿੱਚ ਮਦਦ ਕਰਨਾ ਹੈ।÷ ਐਕਸਿਸ ਮਲਟੀ-ਐਸੇਟ ਐਕਟਿਵ ਐਫਓਐਫ ਨਿਵੇਸ਼ਕਾਂ ਨੂੰ ਬਹੁ-ਸੰਪਤੀ ਵਿਭਿੰਨਤਾ ਲਈ ਇੱਕ ਸੰਪੂਰਨ ਹੱਲ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਫੰਡ ਇਕੁਇਟੀ, ਕਰਜ਼ਾ, ਸੋਨਾ ਅਤੇ ਚਾਂਦੀ ਦਾ ਐਕਸਪੋਜ਼ਰ ਪ੍ਰਦਾਨ ਕਰਦਾ ਹੈ - ਇਹ ਸਭ ਇੱਕ ਸਿੰਗਲ, ਬੁੱਧੀਮਾਨ ਢੰਗ ਨਾਲ ਪ੍ਰਬੰਧਿਤ ਪੋਰਟਫੋਲੀਓ ਦੇ ਅੰਦਰ। ਫੰਡ ਦਾ ਉਦੇਸ਼ ਇੱਕ ਮਜ਼ਬੂਤ ਮਾਤਰਾਤਮਕ ਮਾਡਲ ਅਤੇ ਇੱਕ ਅੰਦਰੂਨੀ ਕਮੇਟੀ ਦੁਆਰਾ ਨਿਰਦੇਸ਼ਤ, ਸੰਪਤੀ ਸ਼੍ਰੇਣੀਆਂ ਅਤੇ ਥੀਮਾਂ ਵਿੱਚ ਗਤੀਸ਼ੀਲ ਵੰਡ ਦੁਆਰਾ ਲੰਬੇ ਸਮੇਂ ਦੀ ਪੂੰਜੀ ਪ੍ਰਸ਼ੰਸਾ ਪ੍ਰਦਾਨ ਕਰਨਾ ਹੈ। ਇਹ ਪ੍ਰਕਿਰਿਆ ਮੁਲਾਂਕਣਾਂ, ਮੈਕਰੋ ਸੂਚਕਾਂ, ਮਾਰਕੀਟ ਰੁਝਾਨਾਂ ਅਤੇ ਵਸਤੂ ਕਾਰਕਾਂ ਦੇ ਨਾਲ-ਨਾਲ ਉਹਨਾਂ ਤੱਤਾਂ ਨੂੰ ਧਿਆਨ ਵਿੱਚ ਰੱਖੇਗੀ ਜਿਨ੍ਹਾਂ ਨੂੰ ਮਾਪਿਆ ਨਹੀਂ ਜਾ ਸਕਦਾ, ਜਿਵੇਂ ਕਿ ਭੂ-ਰਾਜਨੀਤਿਕ ਸਥਿਤੀਆਂ ਅਤੇ ਬਦਲਦੀਆਂ ਮਾਰਕੀਟ ਉਮੀਦਾਂ। ਫੰਡ ਆਫ਼ ਫੰਡ ਢਾਂਚਾ ਨਿਵੇਸ਼ਕਾਂ ਲਈ ਕਈ ਫਾਇਦੇ ਪੇਸ਼ ਕਰਦਾ ਹੈ। ਇਹ ਇੱਕ ਸਿੰਗਲ ਫੰਡ ਮੈਨੇਜਰ ਜਾਂ ਇੱਕ ਸਿੰਗਲ ਨਿਵੇਸ਼ ਰਣਨੀਤੀ ’ਤੇ ਨਿਰਭਰਤਾ ਨੂੰ ਘਟਾਉਂਦਾ ਹੈ। ਜੇਕਰ ਲੋੜ ਹੋਵੇ ਤਾਂ ਪੋਰਟਫੋਲੀਓ ਨੂੰ ਤੇਜ਼ੀ ਨਾਲ ਅਤੇ ਆਸਾਨੀ ਨਾਲ ਮੁੜ ਸੰਤੁਲਿਤ ਕੀਤਾ ਜਾ ਸਕਦਾ ਹੈ, ਬਿਨਾਂ ਕਿਸੇ ਟੈਕਸ ਪ੍ਰਭਾਵ ਦੇ। ਇਹ ਢਾਂਚਾ ਹਰੇਕ ਸੰਪਤੀ ਸ਼੍ਰੇਣੀ ਦੇ ਅੰਦਰ ਵਧੇਰੇ ਵਿਭਿੰਨ ਮੌਕਿਆਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ, ਵੱਖ-ਵੱਖ ਮਾਰਕੀਟ ਚੱਕਰਾਂ ਵਿੱਚ ਆਊਟਪ੍ਰਦਰਸ਼ਨ ਨੂੰ ਹਾਸਲ ਕਰਨ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਇਸ ਲਚਕਤਾ ਦਾ ਲਾਭ ਉਠਾਉਂਦੇ ਹੋਏ, ਐਕਸਿਸ ਮਲਟੀ-ਐਸੇਟ ਐਕਟਿਵ ਫੰਡ ਆਫ਼ ਫੰਡ ਆਸਾਨੀ ਨਾਲ ਉੱਚ-ਪ੍ਰਦਰਸ਼ਨ ਵਾਲੇ ਥੀਮਾਂ ਵਿਚਕਾਰ ਬਦਲ ਸਕਦਾ ਹੈ ਅਤੇ ਸਹੀ ਨਿਵੇਸ਼ ਵੰਡ ਨੂੰ ਬਣਾਈ ਰੱਖ ਸਕਦਾ ਹੈ - ਇਹ ਸਭ ਨਿਵੇਸ਼ਕਾਂ ’ਤੇ ਵਾਧੂ ਟੈਕਸ ਬੋਝ ਪਾਏ ਬਿਨਾਂ। ਇਹ ਇਸਨੂੰ ਲੰਬੇ ਸਮੇਂ ਦੀ ਦੌਲਤ ਵਾਧੇ ਲਈ ਇੱਕ ਵਧੇਰੇ ਪ੍ਰਭਾਵਸ਼ਾਲੀ, ਲਚਕਦਾਰ ਅਤੇ ਕੁਸ਼ਲ ਹੱਲ ਬਣਾਉਂਦਾ ਹੈ।

ਇਸ ਫੰਡ ਦੇ ਲਾਂਚ ’ਤੇ ਬੋਲਦੇ ਹੋਏ, ਐਕਸਿਸ ਏਐਮਸੀ ਦੇ ਐਮਡੀ ਅਤੇ ਸੀਈਓ ਬੀ. ਗੋਪਾਕੁਮਾਰ ਨੇ ਕਿਹਾ: ਐਕਸਿਸ ਮਿਉਚੁਅਲ ਫੰਡ ਨਵੀਨਤਾਕਾਰੀ ਹੱਲਾਂ ਰਾਹੀਂ ਨਿਵੇਸ਼ ਨੂੰ ਸਰਲ ਬਣਾਉਣ ਲਈ ਵਚਨਬੱਧ ਹੈ ਜੋ ਨਿਵੇਸ਼ਕਾਂ ਨੂੰ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰਦੇ ਹਨ। ਇਸ ਉਦੇਸ਼ ਵੱਲ, ਐਕਸਿਸ ਮਲਟੀ-ਐਸੇਟ ਐਕਟਿਵ ਐਫਓਐਫ ਇੱਕ ਜਗ੍ਹਾ ’ਤੇ ਵਿਭਿੰਨਤਾ ਦੀ ਮੰਗ ਕਰਨ ਵਾਲੇ ਨਿਵੇਸ਼ਕਾਂ ਲਈ ਇੱਕ ਸ਼ਾਨਦਾਰ ਵਿਕਲਪ ਹੈ, ਬਿਨਾਂ ਕਈ ਉਤਪਾਦਾਂ ਦੇ ਪ੍ਰਬੰਧਨ ਦੀ ਪਰੇਸ਼ਾਨੀ ਦੇ। ਇਕੁਇਟੀ, ਕਰਜ਼ੇ ਅਤੇ ਵਸਤੂਆਂ ਨੂੰ ਗਤੀਸ਼ੀਲ ਰੂਪ ਵਿੱਚ ਜੋੜ ਕੇ, ਸਾਡਾ ਉਦੇਸ਼ ਨਿਵੇਸ਼ਕਾਂ ਨੂੰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਨੂੰ ਬਿਹਤਰ ਢੰਗ ਨਾਲ ਮੌਸਮ ਵਿੱਚ ਲਿਆਉਣ ਅਤੇ ਘੱਟ ਜੋਖਮ ’ਤੇ ਵਧੀਆ ਰਿਟਰਨ ਪ੍ਰਦਾਨ ਕਰਨ ਵਿੱਚ ਮਦਦ ਕਰਨਾ ਹੈ।

# ਸੁਖਬੀਰ ਬਾਦਲ ਨੇ ਹਾਰ ਕੇ ਵੀ ਵਧਾਈ ਵਿਰੋਧੀ ਪਾਰਟੀਆਂ ਦੀ ਚਿੰਤਾ

**ਲੁਧਿਆਣਾ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਤਰਣ ਤਾਰਨ ਦੀ ਉਪਚੋਣ ਵਿੱਚ ਭਾਵੇਂ ਆਮ ਆਦਮੀ ਪਾਰਟੀ ਨੇ ਜਿੱਤ ਦਰਜ ਕੀਤੀ ਹੈ, ਪਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਟੀਮ ਨੇ ਦੂਜੇ ਸਥਾਨ ‘ਤੇ ਰਹਿ ਕੇ ਵਿਰੋਧੀਆਂ ਦੀ ਚਿੰਤਾ ਨੂੰ ਕਾਫ਼ੀ ਵੱਧਾ ਦਿੱਤਾ ਹੈ। ਸਿਆਸੀ ਪੰਡਤਾਂ ਦਾ ਮੰਨਣਾ ਹੈ ਕਿ ਇਸ ਨਤੀਜੇ ਨੇ ਸਾਫ਼ ਕੀਤਾ ਹੈ ਕਿ ਪੰਜਾਬੀਆਂ ਵਿਚ ਇਕਲੌਤੀ ਖੇਤਰੀ ਪਾਰਟੀ — ਸ਼੍ਰੋਮਣੀ ਅਕਾਲੀ ਦਲ — ਜੇਕਰ ਮੁੜ ਮਜ਼ਬੂਤੀ ਨਾਲ ਖੜ੍ਹ ਗਈ, ਤਾਂ ਰਾਜਨੀਤਿਕ ਹਾਲਾਤ ਤੁਰੰਤ ਬਦਲ ਸਕਦੇ ਹਨ।

ਵਿਚਾਰਕਾਂ ਅਨੁਸਾਰ, ਭਾਵੇਂ ਪਿਛਲੇ ਸਮੇਂ ਦੌਰਾਨ ਨਸ਼ਿਆਂ ਅਤੇ ਬੇਅਦਬੀ ਨਾਲ ਸੰਬੰਧਤ ਮੁੱਦਿਆਂ ‘ਤੇ ਘਿਰੀ ਹੋਈ ਬਾਦਲ ਸਰਕਾਰ ਨੂੰ ਸੱਤਾ ਤੋਂ ਹੱਥ ਧੋਣੇ ਪਏ ਸਨ, ਪਰ ਇਸ ਤੋਂ ਬਾਅਦ ਕਾਂਗਰਸ ਅਤੇ ਆਪ ਸਰਕਾਰਾਂ ਵੀ ਇਨ੍ਹਾਂ ਮੁੱਦਿਆਂ ‘ਤੇ ਅਹਿਮ ਸੁਧਾਰ ਲੈ ਕੇ ਆਉਣ ਵਿੱਚ ਨਾਕਾਮ ਰਹੀਆਂ ਹਨ। ਇਸ ਕਾਰਨ ਲੋਕਾਂ ਵਿੱਚ ਦੁਬਾਰਾ ਖੇਤਰੀ ਪਾਰਟੀ ਵੱਲ ਝੁਕਾਅ ਵੇਖਣ ਨੂੰ ਮਿਲ ਰਿਹਾ ਹੈ।

ਇਸ ਤੋਂ ਇਲਾਵਾ, ਅਕਾਲੀ ਦਲ ਦੇ ਸ਼ਾਸਨ ਦੌਰਾਨ ਕੀਤੇ ਗਏ ਵਿਕਾਸ ਕਾਰਜ ਅਤੇ ਵੱਖ-ਵੱਖ ਲੋਕ ਭਲਾਈ ਯੋਜਨਾਵਾਂ ਨੂੰ ਅੱਜ ਵੀ ਲੋਕ ਯਾਦ ਕਰ ਰਹੇ ਹਨ। ਜਿਸ ਕਰਕੇ ਵਿਰੋਧੀ ਪੱਖ ਵਿੱਚ ਚਿੰਤਾ ਹੈ ਕਿ ਜੇਕਰ ÷ਬਦਲਾਅ ਦੀ ਲਹਿਰ÷ ਦੇ ਬਾਅਦ ਬਾਦਲ ਦੀ ਲਹਿਰ ਮੁੜ ਉਠ ਗਈ, ਤਾਂ ਪੰਜਾਬ ਦੀ ਸਿਆਸਤ ਵਿੱਚ ਵੱਡਾ ਬਦਲਾਅ ਦੇਖਣ ਨੂੰ ਮਿਲ ਸਕਦਾ ਹੈ।

ਰਾਜਨੀਤਿਕ ਹਲਕਿਆਂ ਵਿੱਚ ਚਰਚਾ ਹੈ ਕਿ ਅਕਾਲੀ ਦਲ ਦੀ ਵਾਪਸੀ ਦੀ ਮਜ਼ਬੂਤ ਸੰਭਾਵਨਾ ਵਿਰੋਧੀ ਧਿਰਾਂ ਲਈ ਚੁਣੌਤੀ ਬਣਦੀ ਜਾ ਰਹੀ ਹੈ, ਕਿਉਂਕਿ ਸੂਬੇ ਦੇ ਵੋਟਰ ਮੁੜ ਖੇਤਰੀ ਪਾਰਟੀ ਨੂੰ ਇੱਕ ਮਜ਼ਬੂਤ ਵਿਕਲਪ ਵਜੋਂ ਦੇਖਣ ਲੱਗ ਪਏ ਹਨ।

# ਗੌਰਮਿੰਟ ਹਾਈ ਸਕੂਲ ਤੁੰਗ ਬਾਲਾ ‘ਚ ਸਲਾਨਾ ਸਮਾਰੋਹ ਧੂਮਧਾਮ ਨਾਲ ਮਨਾਇਆ ਗਿਆ

**ਅੰਮ੍ਰਿਤਸਰ, 24 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਗੌਰਮਿੰਟ



ਹਾਈ ਸਕੂਲ ਤੁੰਗ ਬਾਲਾ ਵੱਲੋਂ ਅੱਜ ਸਲਾਨਾ ਸਮਾਰੋਹ ਦਾ ਆਯੋਜਨ ਸ਼ਾਨਦਾਰ ਢੰਗ ਨਾਲ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਸੰਗੀਤ, ਨਾਟਕ ਤੇ ਸੱਭਿਆਚਾਰਕ ਪ੍ਰੋਗਰਾਮਾਂ ਨਾਲ ਦਰਸ਼ਕਾਂ ਦੇ ਦਿਲ ਜਿੱਤ ਲਏ।

ਸਮਾਰੋਹ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਉੱਤਰੀ ਅੰਮ੍ਰਿਤਸਰ ਤੋਂ ਐਸ.ਸੀ. ਵਿੰਗ ਦੇ ਇੰਚਾਰਜ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀ ਬਲਵਿੰਦਰ ਸਿੰਘ ਕਾਲਾ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ‘ਤੇ ਸ਼ਾਮਲ ਹੋਏ।ਸਮਾਰੋਹ ਦੀ ਸ਼ੁਰੂਆਤ ਗਿਆਨ ਦੀ ਜੋਤ ਜਗਾ ਕੇ ਤੇ ਰਾਸ਼ਟਰੀ ਗੀਤ ਨਾਲ ਕੀਤੀ ਗਈ। ਇਸ ਤੋਂ ਬਾਅਦ ਬੱਚਿਆਂ ਨੇ ਗਿੱਧਾ, ਭੰਗੜਾ, ਦੇਸੀ ਖੇਡਾਂ ਦੇ ਪ੍ਰਦਰਸ਼ਨ, ਸਾਹਿਤਕ ਕਵਿਤਾ ਪਾਠ ਤੇ ਭਾਸ਼ਣ ਮੁਕਾਬਲੇ ਪੇਸ਼ ਕਰਦੇ ਹੋਏ ਸਮਾਰੋਹ ਨੂੰ ਮਨੋਰੰਜਕ ਬਣਾ ਦਿੱਤਾ। ਮੌਕੇ ‘ਤੇ ਪਿੰਡ ਦੇ ਵੱਖ-ਵੱਖ ਪ੍ਰਬੁੱਧ ਨਾਗਰਿਕਾਂ, ਮਾਪਿਆਂ ਤੇ ਅਧਿਆਪਕਾਂ ਦੀ ਵੱਡੀ ਗਿਣਤੀ ਮੌਜੂਦ ਸੀ।ਸ੍ਰੀ ਬਲਵਿੰਦਰ ਸਿੰਘ ਕਾਲਾ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਸਿੱਖਿਆ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਪੜ੍ਹੇ-ਲਿਖੇ ਨੌਜਵਾਨ ਹੀ ਦੇਸ਼ ਤੇ ਸਮਾਜ ਦੇ ਅਸਲੀ ਨਿਰਮਾਤਾ ਹੁੰਦੇ ਹਨ।

ਉਹਨਾਂ ਕਿਹਾ ਕਿ ਬੱਚਿਆਂ ਵਿੱਚ ਅਸੀਮ ਸਮਰੱਥਾ ਮੌਜੂਦ ਹੈ, ਸਿਰਫ਼ ਉਨ੍ਹਾਂ ਨੂੰ ਸਹੀ ਦਿਸ਼ਾ ਤੇ ਪ੍ਰੇਰਨਾ ਦੀ ਲੋੜ ਹੈ। ÷ਬੱਚੇ ਸਾਡਾ ਭਵਿੱਖ ਹਨ, ਸਾਨੂੰ ਉਨ੍ਹਾਂ ਦੀ ਸਿੱਖਿਆ, ਤਰੀਕੇ ਅਤੇ ਚਰਿੱਤਰ ਨਿਰਮਾਣ ਵੱਲ ਸਭ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ,÷ ਉਹਨਾਂ ਕਿਹਾ।ਸ੍ਰੀ ਕਾਲਾ ਨੇ ਪੰਜਾਬ ਸਰਕਾਰ ਦੀਆਂ ਸਿੱਖਿਆ ਨੀਤੀਆਂ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਨੁਹਾਰ ਤੇ ਸੁਧਾਰ ਵਿੱਚ ਕਾਬਲੇ-ਤਾਰੀਫ਼ ਕਦਮ ਚੁੱਕੇ ਹਨ। ਨਵੇਂ ਕਲਾਸਰੂਮ, ਸਮਾਰਟ ਬੋਰਡ, ਸੁਧਰੇ ਬਾਥਰੂਮ ਅਤੇ ਡਿਸਪਲੇ ਪ੍ਰੋਜੈਕਟਾਂ ਨੇ ਸਰਕਾਰੀ ਸਿੱਖਿਆ ਪ੍ਰਣਾਲੀ ਵਿੱਚ ਨਵੀਂ ਜਾਨ ਪਾਈ ਹੈ।

ਸਮਾਰੋਹ ਦੇ ਅੰਤ ਵਿੱਚ ਪ੍ਰਿੰਸੀਪਲ ਵੱਲੋਂ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਉੱਨਤ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਮਾਨ-ਪੱਤਰ ਅਤੇ ਇਨਾਮ ਦਿੱਤੇ ਗਏ। ਪਿੰਡ ਵਾਸੀਆਂ ਨੇ ਵੀ ਸਕੂਲ ਦੀ ਇਸ ਤਰੱਕੀ ‘ਤੇ ਖੁਸ਼ੀ ਪ੍ਰਗਟਾਈ ਅਤੇ ਪ੍ਰਬੰਧਕ ਕਮੇਟੀ ਦਾ ਅਭਾਰ

# ਬਜ਼ੁਰਗ ਹੁੰਦੇ ਨੇ ਘਰਾਂ ਦੇ ਜਿੰਦੇ

ਨਰਿੰਦਰ ਸਿੰਘ ਚੌਹਾਨ

ਕਿਸੇ ਸਿਆਣੇ ਬੰਦੇ ਨੇ ਇਹ ਅਖਾਣ ਬਿਲਕੁਲ ਸਹੀ ਬਣਾਇਆ ਹੈ ਕਿ ਬਜ਼ੁਰਗ ਘਰ ਦਾ ਜਿੰਦਾ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਜ਼ੁਰਗ ਘਰ ਦਾ ਜਿੰਦਾ ਨਹੀਂ ਹੁੰਦੇ। ਇਨ੍ਹਾਂ ਬਜ਼ੁਰਗਾਂ ਦੇ ਸਹਾਰੇ ਅਸੀਂ ਆਪਣੇ ਘਰ ਬਾਰ ਨੂੰ ਖੁੱਲ੍ਹਾ ਛੱਡ ਕਿਤੇ ਵੀ ਆ ਜਾ ਸਕਦੇ ਹਾਂ। ਕਿਉਂਕਿ ਸਾਨੂੰ ਪਤਾ ਹੁੰਦਾ ਹੈ ਕਿ ਜਦੋਂ ਤਕ ਘਰ ਵਿਚ ਬਜ਼ੁਰਗ ਬੈਠੇ ਹਨ ਉਦੋਂ ਤਕ ਘਰ ਦੀ ਕੋਈ ਵੀ ਚੀਜ਼ ਇੱਧਰ ਓਧਰ ਨਹੀਂ ਹੋ ਸਕਦੀ। ਇਨ੍ਹਾਂ ਬਜ਼ੁਰਗਾਂ ਦੇ ਸਹਾਰੇ ਅਸੀਂ ਬੱਚਿਆਂ ਨੂੰ ਘਰ ਛੱਡ ਕੇ ਕਿਤੇ ਵੀ ਰਿਸ਼ਤੇਦਾਰੀ ਆਦਿ ਵਿਚ ਆ ਜਾ ਸਕਦੇ ਹਾਂ। ਕਿਉਂਕਿ ਇਨ੍ਹਾਂ ਦੇ ਹੁੰਦੇ ਹੋਏ ਸਾਨੂੰ ਘਰ ਬਾਰ ਅਤੇ ਬੱਚਿਆਂ ਦਾ ਕੋਈ ਫ਼ਿਕਰ ਨਹੀਂ ਰਹਿੰਦਾ। ਬਜ਼ੁਰਗ ਉਸ ਦਰੱਖ਼ਤਾਂ ਦੀ ਤਰ੍ਹਾਂ ਹੁੰਦੇ ਹਨ ਜਿਹੜੇ ਸਾਥੋਂ ਕੁਝ ਵੀ ਨਹੀਂ ਲੈਂਦੇ ਉਲਟਾ ਸਾਨੂੰ ਠੰਡੀਆਂ ਹਵਾਵਾਂ ਅਤੇ ਫਲ ਆਦਿ ਦਿੰਦੇ ਰਹਿੰਦੇ ਹਨ।

ਇਨ੍ਹਾਂ ਬਜ਼ੁਰਗਾਂ ਨੂੰ ਸਾਥੋਂ ਕੁਝ ਵੀ ਜ਼ਿਆਦਾ ਨਹੀਂ ਚਾਹੀਦਾ ਹੁੰਦਾ ਇਹ ਤਾਂ ਬੱਸ ਪਿਆਰ ਦੇ ਦੋ ਬੋਲਾਂ ਨੂੰ ਸੁਣਨ ਲਈ ਹਮੇਸ਼ਾ ਤਰਸਦੇ ਰਹਿੰਦੇ ਹਨ। ਪਰ ਸਮੇਂ ਨੇ ਐਸੀ ਚਾਲ ਚੱਲੀ ਕਿ ਵੱਡੇ-ਵੱਡੇ ਧਨਾਢ ਬੰਦਿਆਂ ਦੇ ਮਾਂ-ਬਾਪ ਵੀ ਹੱਦੋਂ ਜ਼ਿਆਦਾ



ਖੁੱਲ੍ਹ ਰਹੇ ਬਿਰਧ ਆਸਰਮਾਂ ਵਿਚ ਆਪਣੀ ਜ਼ਿੰਦਗੀ ਦੇ ਆਖਰੀ ਪਲ ਆਪਣੇ ਧੀਆਂ ਪੁੱਤਰਾਂ ਦੀ ਯਾਦ ਵਿਚ ਕੱਟ ਰਹੇ ਹਨ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਮਾਪਿਆਂ ਨੇ ਪੰਜ-ਪੰਜ ਧੀਆਂ ਪੁੱਤਰਾਂ ਨੂੰ ਜੇਠ ਹਾੜ ਦੀਆਂ ਤੱਪਦੀਆਂ ਦੁਪਿਹਰਾ ਅਤੇ ਪੋਹ ਮਾਘ ਦੀਆਂ ਸਰਦੀਆਂ ਵਿਚ ਦਿਨ ਰਾਤ ਕੰਮ ਕਰ ਕੇ ਪਾਲਿਆ। ਅੱਜ ਉਨ੍ਹਾਂ ਧੀਆਂ ਪੁੱਤਰਾਂ ਦੇ ਵੱਡੇ-ਵੱਡੇ ਆਲੀਸ਼ਾਨ ਮਹਿਲਨੁਮਾ ਮਕਾਨਾਂ ਵਿਚ ਇਨ੍ਹਾਂ ਬਜ਼ੁਰਗਾਂ ਲਈ ਇਕ ਵਾਣ ਦੇ ਮੰਜੇ ਜੋਗੀ ਵੀ ਜਗ੍ਹਾਂ ਨਹੀਂ। ਕੀ ਕਰਨਾ ਇਨ੍ਹਾਂ ਮਹਿਲਨੁਮਾ ਮਕਾਨਾਂ ਨੂੰ ਜਿਸ ਵਿਚ ਆਪਣੇ ਬਜ਼ੁਰਗਾਂ ਲਈ ਥਾਂ ਨਾ ਹੋਵੇ।

ਇਨ੍ਹਾਂ ਬਜ਼ੁਰਗਾਂ ਕਾਰਨ ਹੀ ਅਸੀਂ ਜ਼ਿੰਦਗੀ ਦੇ ਕਈ ਮੁਕਾਮ ਸਰ ਕੀਤੇ ਹਨ। ਕਿਉਂਕਿ ਇਹ ਬਜ਼ੁਰਗ ਹੀ ਹਨ ਜੋ ਆਪਣੀ ਜ਼ਿੰਦਗੀ ਦੇ ਤਜ਼ੁਰਬੇ ਸਾਡੇ ਨਾਲ ਸਾਂਝੇ ਕਰ ਕੇ ਸਾਨੂੰ ਤਰੱਕੀਆਂ ਦੀਆਂ ਪੌੜੀਆਂ ਚੜ੍ਹਨਾ ਸਿਖਾਉਂਦੇ ਹਨ। ਜੇਕਰ ਘਰ ਵਿਚ ਕੋਈ ਬਜ਼ੁਰਗ ਨਾ ਹੋਵੇ ਤਾਂ ਘਰ ਵਿਚ ਰੌਣਕ ਨਹੀਂ ਰਹਿੰਦੀ ਅਤੇ ਘਰ ਦੀਆਂ ਕੰਧਾਂ ਵੱਢ ਖਾਣ ਨੂੰ ਆਉਂਦੀਆਂ ਹਨ।

ਪਹਿਲੇ ਸਮੇਂ ਵਿਚ ਜਦੋਂ ਬਜ਼ੁਰਗ ਘਰ ਵਿਚ ਹੁੰਦੇ ਸਨ ਤਾਂ ਬੱਚੇ ਆਪਣੇ ਬਜ਼ੁਰਗਾਂ ਤੋਂ ਸੂਰਬੀਰ, ਯੋਧਿਆਂ ਦੀਆਂ ਬਾਤਾਂ ਸੁਣ ਕੇ ਮਜ਼ਬੂਤ ਇਰਾਦੇ ਵਾਲੇ ਇਨਸਾਨ ਬਣਦੇ ਸਨ ਅਤੇ ਅੱਜ ਦੇ ਬੱਚੇ ਮੋਬਾਈਲ, ਲੈਪਟਾਪ, ਟੀਵੀ ਅਤੇ ਵੀਡੀਓ ਗੇਮਾਂ ਵਿਚ ਕੈਦ ਹੋ ਕੇ ਰਹਿ ਗਏ ਹਨ। ਇਨ੍ਹਾਂ ਬਹੁਤੀਆਂ ਗੇਮਾਂ ਦੇ ਭਿਆਨਕ ਨਤੀਜੇ ਵੀ ਸਾਨੂੰ ਵੇਖਣ ਨੂੰ ਮਿਲ ਰਹੇ ਹਨ। ਇਨ੍ਹਾਂ ਗੇਮਾਂ ਦੇ ਚੱਕਰਾਂ ਵਿਚ ਅਸੀਂ ਕਿੰਨੇ ਹੀ ਮਾਸੂਮ ਬੱਚੇ ਆਪਣੀ ਜ਼ਿੰਦਗੀ ਵਿੱਚੋਂ ਖੋ ਬੈਠੇ ਹਾਂ।

ਇਸ ਲਈ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਾਡੇ ਬੁਢਾਪੇ ਦਾ ਸਹਾਰਾ ਬਣਨ ਤਾਂ ਸਾਨੂੰ ਵੀ ਆਪਣੇ ਬਜ਼ੁਰਗਾਂ ਦਾ ਸਹਾਰਾ ਬਣਨਾ ਪਵੇਗਾ। ਕਿਉਂਕਿ ਕਿਸੇ ਨੇ ਸੱਚ ਹੀ ਕਿਹਾ ਹੈ ਕਿ ਜਿਹੋ-ਜਿਹਾ ਅਸੀਂ ਬੀਜਦੇ ਹਾਂ ਇਹੋ-ਜਿਹਾ ਹੀ ਸਾਨੂੰ ਵੱਢਣਾ ਪੈਣਾ ਹੈ। ਕਿਉਂਕਿ ਜੇਕਰ ਅਸੀਂ ਆਪਣੇ ਬਜ਼ੁਰਗਾਂ ਨੂੰ ਬਿਰਧ ਆਸਰਮਾਂ ਵਿਚ ਭੇਜ ਸਕਦੇ ਹਾਂ ਤਾਂ ਕੀ ਸਾਡੇ ਬੱਚੇ ਸਾਡੇ ਨਕਸ਼ੇ ਕਦਮ 'ਤੇ ਨਹੀਂ ਚੱਲਣਗੇ। ਇਸ ਲਈ ਸਾਨੂੰ ਆਪਣੇ ਬਜ਼ੁਰਗਾਂ ਦੀ ਸੇਵਾ ਘਰ ਪਰਿਵਾਰ ਵਿਚ ਰਲ਼ ਮਿਲ ਕੇ ਕਰਨੀ ਪਵੇਗੀ ਤਾਂ ਜੋ ਸਾਡੇ ਬੱਚੇ ਬਜ਼ੁਰਗਾਂ ਤੋਂ ਚੰਗੀਆਂ ਗੱਲਾਂ ਸਿੱਖ ਕੇ ਸੂਰਬੀਰ, ਯੋਧਿਆਂ ਵਾਲੇ ਮਾਨਵਤਾ ਭਲਾਈ ਕਾਰਜ ਕਰਨ ਨੂੰ ਪਹਿਲ ਦੇਣ ਤੇ ਇਕ ਚੰਗਾ ਇਨਸਾਨ ਬਣ ਸਕਣ ਅਤੇ ਅਸੀਂ ਵੀ ਬਜ਼ੁਰਗਾਂ ਦੇ ਘਰ ਵਿਚ ਹੋਣ 'ਤੇ ਬੇਫ਼ਿਕਰ ਹੋ ਕੇ ਆਪਣੇ ਕੰਮਕਾਰ ਨੂੰ ਜਾਈਏ ਕਿ ਸਾਡੇ ਘਰ ਦਾ ਜਿੰਦਾ ਸਾਥੋਂ ਬਾਅਦ ਸਾਡੇ ਘਰ ਦੀ ਅਤੇ ਬੱਚਿਆਂ ਦੀ ਸੰਭਾਲ ਪੂਰੀ ਤਸੱਲੀ ਨਾਲ ਕਰ ਰਿਹਾ ਹੈ।

ਇੱਧਰ ਸਰਕਾਰ ਦਾ ਵੀ ਫ਼ਰਜ ਬਣਦਾ ਹੈ ਕਿ ਉਹ ਕੋਈ ਅਜਿਹਾ ਨਿਯਮ ਬਣਾਏ ਕਿ ਜਦੋਂ ਤਕ ਘਰ ਦਾ ਬਜ਼ੁਰਗ ਜਿਉਂਦਾ ਹੈ ਉਦੋਂ ਤਕ ਉਸ ਦਾ ਘਰ ਦੀ ਪ੍ਰੋਪਰਟੀ ਉੱਤੇ ਬਰਾਬਰ ਦਾ ਹੱਕ ਹੈ ਅਤੇ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਘਰ ਤੋਂ ਬਾਹਰ ਨਾ ਕੱਢ ਸਕਣ ਅਤੇ ਜੇਕਰ ਫਿਰ ਵੀ ਕੋਈ ਆਪਣੇ ਬਜ਼ੁਰਗਾਂ ਨੂੰ ਬਾਹਰ ਬਿਰਧ ਆਸਰਮਾਂ ਆਦਿ 'ਚ ਭੇਜਦਾ ਹੈ ਤਾਂ ਉਸ 'ਤੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। •

ਮੋਬਾਈਲ : 99152-98157

# ਡੀਜੇ ਦੇ ਸ਼ੋਰ 'ਚ ਗੁਆਚ ਗਏ ਵਿਆਹ ਦੇ ਗੀਤ



ਏਕ ਸਮਾਂ ਸੀ ਜਦੋਂ ਪੰਜਾਬੀ ਵਿਆਹਾਂ ਦੀ ਆਪਣੀ ਵੱਖਰੀ ਲੱਜ਼ਤ, ਨਜ਼ਾਰੇ ਵੱਖਰਾ ਸੁਆਦ ਹੁੰਦਾ ਸੀ। ਵਿਆਹ ਵਾਲੇ ਰ ਮਹੀਨਾ-ਮਹੀਨਾ ਪਹਿਲਾਂ ਗੀਤਾਂ ਦੇ ਬੋਲਾਂ ਆਂ ਰੌਣਕਾਂ ਪਰਤ ਆਉਂਦੀਆਂ ਸਨ। ਇਨ੍ਹਾਂ ਤਾਂ ਦੇ ਬੋਲਾਂ ਵਿੱਚੋਂ ਪੰਜਾਬੀ ਲੋਕਧਾਰਾ ਅਤੇ ਜਾਬੀ ਜਨ-ਜੀਵਨ ਦੇ ਝਲਕਾਰੇ ਪੈਂਦੇ ਸਨ। ਆਹ ਵਾਲੇ ਘਰ ਵਿਚ ਸ਼ਾਮ ਸਮੇਂ ਆਂਢ-ਆਂਢ ਦੀਆਂ ਔਰਤਾਂ ਇੱਕਠੀਆਂ ਹੋ ਕੇ ਗਈ ਤ ਵਿਆਹਾਂ ਦੇ ਗੀਤ ਗਾਉਂਦੀਆਂ ਰਹਿੰਦੀਆਂ ਨ। ਰਾਤ ਦੇ ਚੁੱਪ ਪਸਰੇ ਸੰਨਾਟੇ ਵਿੱਚੋਂ ਕੰਨਾਂ ਰਸ ਘੋਲਣ ਵਾਲੇ ਗੀਤਾਂ ਦੇ ਮਿੱਠੇ ਬੋਲ ਣਾਈ ਪੈਂਦੇ ਸਨ। ਮਿਠਾਸ ਭਰੇ ਬੋਲਾਂ ਨਾਲ ਬਰੇਜ਼ ਗੀਤਾਂ ਨੂੰ ਸੁਣਨ ਲਈ ਹਰ ਕਿਸੇ ਕੰਨ ਉਤਾਵਲੇ ਹੋ ਉਠਦੇ ਸਨ। ਵਿਆਹਾਂ ਗੀਤ ਘੋੜੀਆਂ, ਸੁਹਾਗ, ਸਿੱਠਣੀਆਂ ਅਤੇ ਆਹ ਨਾਲ ਸਬੰਧਿਤ ਗੀਤਾਂ ਦੀਆਂ ਅਨੇਕ ਵੰਨਗੀਆਂ ਜ਼ਿੰਦਗੀ ਦਾ ਸੁਹਜ ਸੁਆਦ ਨ। ਫਿਰ ਇਸ ਤੋਂ ਬਾਅਦ ਮੰਜੇ ਜੋੜ ਕੇ ਠਿਆਂ 'ਤੇ ਸਪੀਪਰ ਲਾਉਣ ਦਾ ਯੁੱਗ ਇਆ। ਕੋਠਿਆਂ 'ਤੇ ਵੱਜਦੇ ਸਪੀਕਰਾਂ ਅਵਾਜ਼ ਵਿਚ ਵੀ ਕੁਝ ਸਕੂਨ ਾ ਸੀ। ਜਿਸ ਨੂੰ ਲੋਕ ਬੜ੍ਹੇ ਅ ਨਾਲ ਸੁਣਦੇ ਸਨ।

ਜਦੋਂ ਤੋਂ ਪੈਲੇਸ ਭਿਆਚਾਰ ਨੇ ਜਾਬੀ ਵਿਆਹਾਂ ਚ ਦਸਤਕ ਤੀ ਹੈ ਉਦੋਂ ਤੋਂ ਆਹਾਂ ਦੀਆਂ ਕਾਂ ਅਤੇ ਵਿਆਹਾਂ ਗੀਤ ਕੇਵਲ ਡੀਜੇ ਦੁਆਲੇ ਸਿਮਟ ਕੇ ਰਹਿ ਏ ਹਨ। ਡੀਜੇ ਦੇ ਕੰਨ ਪਾੜਵੇਂ ਤ ਵਿਚ ਵਿਆਹ 'ਤੇ ਗਾਏ ਜਾਣ ਵਾਲੇ ਤਾਂ ਦੀ ਪਰੰਪਰਾ ਲਗਪਗ ਲੋਪ ਹੋ ਗਈ ਹੈ। ਜੋਕੇ ਵਿਆਹਾਂ ਵਿਚ ਕਿਰਾਏ ਦੀਆਂ ਖ਼ੁਸ਼ੀਆਂ ਰੂ ਹੁੰਦੀਆਂ ਜਾ ਰਹੀਆਂ ਹਨ। ਜਿਸ ਕਾਰਨ ੜੇ ਪੱਧਰ 'ਤੇ ਵਿਆਹਾਂ ਵਿਚ ਅਸਲੀਅਤ ਲੋਂ ਵਿਖਾਏ ਦਾ ਜ਼ੋਰ ਵਧਦਾ ਜਾ ਰਿਹਾ ਹੈ। ਕੀ ਸ਼ਾਨੋਂ-ਸ਼ੌਕਤ ਕਾਰਨ ਅੱਜ ਦੇ ਵਿਆਹ ੜਾ ਆਰਥਿਕ ਬੋਝ ਬਣਦੇ ਜਾ ਰਹੇ ਹਨ। ਜੋਕੇ ਵਿਆਹਾਂ ਵਿਚ ਕੇਵਲ ਦਿਖਾਵੇ ਦੀ ਈਚਾਰਕ ਸਾਂਝ ਨਜ਼ਰੀਂ ਪੈਂਦੀ ਹੈ ਕਿਉਂਕਿ ਜੋ ਸ਼ਤੇਦਾਰ, ਮਿੱਤਰ, ਭਾਈਚਾਰਾ ਕਦੇ ਵਿਆਹ ਲੇ ਘਰ ਦੇ ਸਾਰੇ ਕੰਮਾਂ ਵਿਚ ਭਾਗੀਦਾਰ ਣਦਾ ਸੀ, ਹੁਣ ਉਹ ਕੇਵਲ ਇਕ ਦਰਸ਼ਕ ਗ ਵਿਆਹ ਵਿਚ ਸ਼ਿਰਕਿਤ ਕਰਦੇ ਹਨ। ਜ ਵਿਆਹਾਂ ਦਾ ਸਾਰਾ ਮੰਨੋਰੰਜਨ ਕੇਵਲ ਜੇ ਤਕ ਸਿਮਟ ਕੇ ਰਹਿ ਗਿਆ ਹੈ। ਜਿੱਥੇ ਜੇ ਵੱਜਦੇ ਅਰਥਹੀਣ ਗੀਤਾਂ ਤੇ ਨੱਚਦੀਆਂ ਰਧ ਨਗਨ ਕੁੜੀਆਂ ਅਸ਼ਲੀਲ ਨਾਚ ਰਦੀਆਂ ਹਨ। ਕਈ ਵਾਰ ਕਿਰਾਏ ਦੀਆਂ ਨੱਚਣ ਵਾਲੀਆਂ ਕੁੜੀਆਂ ਅਤੇ ਗੀਤਾਂ ਦੇ ਬੋਲ ਅਜਿਹੀ ਅਸ਼ਲੀਲਤਾ ਪੈਦਾ ਕਰਦੇ ਹਨ ਕਿ ਸੁਣਨ ਵਾਲੇ ਸਮਝਦਾਰ ਲੋਕ ਸ਼ਰਮਸਾਰ ਹੋ ਜਾਂਦੇ ਹਨ । ਕਈ ਵਾਰ ਸਥਿਤੀ ਅਜਿਹੀ ਬਣ ਜਾਂਦੀ ਹੈ ਕਿ ਪਿਉ-ਧੀ , ਭੈਣ-ਭਰਾ, ਮਾਂ-ਪੁੱਤ ਸ਼ਰਮ ਦੇ ਮਾਰੇ ਵੱਖਰੇ-ਵੱਖਰੇ ਬੈਠਣ ਲਈ ਮਜ਼ਬੂਰ ਹੋ ਜਾਂਦੇ ਹਨ। ਫਿਰ ਵੀ ਸਾਰੇ ਬੇਵੱਸ ਬੈਠੇ ਸਾਰਾ ਕੁਝ ਸਾਹਮਣੇ ਵਾਪਰਦਾ ਦੇਖਦੇ ਰਹਿੰਦੇ ਹਨ। ਭਾਵੇਂ ਕਿ ਸਮੇਂ ਦੀ ਘਾਟ ਕਾਰਨ ਵਿਆਹ ਦਾ ਸਾਰਾ ਕਾਰਜ ਕੇਵਲ ਤਿੰਨ ਜਾਂ ਚਾਰ ਘੰਟਿਆਂ ਤਕ ਸਿਮਟ ਕੇ ਰਹਿ ਗਿਆ ਹੈ। ਵਿਆਹ ਕਾਰਨ ਰਿਸ਼ਤੇਦਾਰ, ਮਿੱਤਰ, ਭਾਈਚਾਰਾ ਕੇਵਲ ਤਿੰਨ ਚਾਰ ਘੰਟਿਆਂ ਲਈ ਇੱਕਠਾ ਹੁੰਦੇ ਹਨ। ਪਰ ਡੀਜੇ ਦਾ ਭਿਆਨਕ ਅਤੇ ਸ਼ੋਰ ਸ਼ਰਾਬੇ ਵਾਲਾ ਗੀਤ-ਸੰਗੀਤ ਸਭ ਨੂੰ ਪ੍ਰੇਸ਼ਾਨ ਕਰਦਾ ਹੈ। ਜਿਸ ਕਾਰਨ ਵਿਆਹਾਂ 'ਚ ਸ਼ਾਮਿਲ ਹੋਣ ਵਾਲੇ ਲੋਕ ਤਿੰਨ ਚਾਰ ਘੰਟਿਆਂ ਵਿਚ ਹੀ ਪ੍ਰੇਸ਼ਾਨੀ ਅਤੇ ਥਕਾਨ ਮਹਿਸੂਸ ਕਰਨ ਲੱਗ ਪੈਂਦੇ ਹਨ। ਡੀਜੇ ਦੀ ਬੀਟ ਅਤੇ ਰੀਪੀਟ ਇੰਨੀ ਜ਼ਬਰਦਸਤ ਹੁੰਦੀ ਹੈ ਕਿ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਅਸੀਂ ਭੁਲੇਖੇ ਨਾਲ ਜੰਗ ਦੇ ਮੈਦਾਨ ਵਿਚ ਆ ਗਏ ਹੋਈਏ ਜਿੱਥੇ ਤੋਪਾਂ ਦੇ ਵੱਡੇ ਵੱਡੇ ਗੋਲੇ ਚੱਲਦੇ ਹੋਣ। ਡੀਜੇ ਦੀ ਭਿਆਨਕ ਧਮਕ ਦਿਲ ਨਾਲ ਇਸ ਤਰ੍ਹਾਂ ਟਕਰਾਉਂਦੀ ਹੈ ਜਿਵੇਂ ਕੋਈ ਛਾਤੀ ਤੇ ਹਥੌੜੇ ਦੇ ਵਾਰ ਕਰ ਰਿਹਾ ਹੋਵੇ। ਪੈਲਿਸਾਂ ਦੇ ਅੰਦਰ ਡੀਜੇ ਨਾਲ ਪੈਦਾ ਹੁੰਦੀ ਧਮਕ ਵਿਆਹ ਦੀਆਂ ਖ਼ੁਸ਼ੀਆਂ 'ਚ ਸ਼ਾਮਿਲ ਹੋਏ ਛੋਟੇ ਬੱਚਿਆਂ ਅਤੇ ਬੁਜ਼ਰਗਾਂ ਲਈ ਪ੍ਰੇਸ਼ਾਨੀ ਦਾ ਸਬੱਬ ਜਾਂਦੀ ਹੈ। ਵਿਆਹ ਦੀਆਂ ਖ਼ੁਸ਼ੀਆਂ ਮਾਣਨ ਗਏ ਲੋਕ ਪੈਲਿਸ 'ਚੋ ਵਾਪਸ ਆਉਂਦੇ ਸਮੇਂ ਵਿਆਹ ਦੇ ਅਨੰਦ ਦੀ ਬਜਾਏ ਸਿਰਦਰਦ ਅਤੇ ਥਕਾਨ ਦਾ ਲੈ ਕੇ ਵਾਪਸ ਘਰ ਪਰਤਦੇ ਹਨ। ਕਈ ਵਾਰ ਪਿੰਡਾਂ, ਗਲੀ ਮਹੁੱਲਿਆਂ 'ਚ ਵਿਆਹ ਦੀ ਪਾਰਟੀ ਬਹਾਨੇ ਅੱਧੀ-ਅੱਧੀ ਰਾਤ ਤਕ ਡੀਜੇ ਵੱਜਦੇ ਰਹਿੰਦੇ ਹਨ ਜੋ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ। ਡੀਜੇ ਦੇ ਰਿਵਾਜ ਵਿਚ ਨਾਨਕੀਆਂ, ਦਾਦਕੀਆਂ ਦੇ ਗੀਤ, ਘੋੜੀਆਂ, ਸੁਹਾਗ ਗੁਆਚ ਗਏ ਹਨ। ਸਾਡੀ ਨਵੀਂ ਪੀੜ੍ਹੀ ਵਿਆਹ ਦੇ ਗੀਤਾਂ ਦੀਆਂ ਵੰਨਗੀਆਂ ਨੂੰ ਭੁੱਲਦੀ ਜਾ ਰਹੀ ਹੈ। ਅੱਜ ਵਿਆਹਾਂ ਦੇ ਗੀਤ ਕੇਵਲ ਲੋਕਧਾਰਾ ਨਾਲ ਸਬੰਧਤ ਜਾਂ ਲੋਕ ਗੀਤਾਂ ਦੀਆਂ ਸਾਹਿਤਕ ਕਿਤਾਬਾਂ ਦੇ ਪੰਨਿਆਂ ਵਿਚ ਵਿਸ਼ਰਾਮ ਕਰਨ ਜੋਗੇ ਰਹਿ ਗਏ ਹਨ।

**ਅਜੋਕੀ ਪੀੜ੍ਹੀ ਵਿਆਹ ਦੇ ਗੀਤਾਂ ਦੀਆਂ ਵੰਨਗੀਆਂ ਨੂੰ ਭੁੱਲਦੀ ਜਾ ਰਹੀ ਹੈ। ਹੁਣ ਇਹ ਗੀਤ ਲੋਕਧਾਰਾ ਜਾਂ ਲੋਕ ਗੀਤਾਂ ਦੀਆਂ ਸਾਹਿਤਕ ਕਿਤਾਬਾਂ ਦੇ ਪੰਨਿਆਂ ਵਿਚ ਵਿਸ਼ਰਾਮ ਕਰਨ ਜੋਗੇ ਰਹਿ ਗਏ ਹਨ...**

• ਸੁਖਵੀਰ ਘੁਮਾਣ ਦਿੜ੍ਹਬਾ

ਮੋਬਾਈਲ : 98155-90209

**1964 ਦੇ ਦੌਰ 'ਚ ਲੋਕਾਂ ਨੂੰ ਪੰਜਾਬੀ ਜੁੱਤੀ ਪਾਉਣ ਦਾ ਬੇਹੱਦ ਸ਼ੌਕ ਸੀ। ਉਸ ਸਮੇਂ ਜ਼ਿਆਦਾਤਰ ਸਾਬਰ ਅਤੇ ਕੁਰਮ ਦੀ ਜੁੱਤੀ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਜੁੱਤੀ ਬੱਕਰੇ ਦੀ ਖੱਲ ਦੀ ਬਣਦੀ, ਜੋ ਕਈ ਸਾਲਾਂ ਤਕ ਹੰਢਦੀ ਸੀ। ਮੌਜੂਦਾ ਦੌਰ ਵਿਚ ਜੁੱਤੀ ਦੀਆਂ ਕਈ ਕਿਸਮਾਂ ਬਜ਼ਾਰ ਵਿਚ ਆ ਗਈਆਂ ਹਨ।**

# ਜੁੱਤੀ ਕਸੂਰੀ, ਪੈਰੀਂ ਨਾ ਪੂਰੀ...

ਰਾਜਵੰਤ ਤੱਖੀ

ਸਮੇਂ-ਸਮੇਂ 'ਤੇ ਲੋਕਾਂ ਦੇ ਬਦਲਦੇ ਸ਼ੌਕਾਂ ਨੇ ਕਈ ਪੁਰਾਤਨ ਚੀਜ਼ਾਂ ਨੂੰ ਸਦਾ ਲਈ ਲੋਪ ਕਰ ਦਿੱਤਾ ਤੇ ਕੁਝ ਅਜਿਹੀਆਂ ਚੀਜ਼ਾਂ ਦਾ ਆਵਿਸ਼ਕਾਰ ਵੀ ਕੀਤਾ, ਜਿਸ ਨੂੰ ਕਦੇ ਕਿਸੇ ਸੋਚਿਆ ਤਕ ਵੀ ਨਹੀਂ ਸੀ। ਗੱਲ ਪੰਜਾਬ ਦੀ ਕਰੀਏ ਤਾਂ ਪੰਜਾਬ ਅੰਦਰੋਂ ਵੀ ਸਮੇਂ ਦੀ ਵਗਦੀ ਹਵਾ ਨਾਲ ਕਈ ਅਜਿਹੀਆਂ ਚੀਜ਼ਾਂ ਲੋਪ ਹੋ ਗਈਆਂ ਜਾਂ ਘਟ ਵਰਤੋਂ 'ਚ ਰਹਿ ਗਈਆਂ ਹਨ, ਜਿਨ੍ਹਾਂ ਦੀ ਕਦੇ ਪੰਜਾਬ ਦੇ ਲੋਕ ਆਪਣੇ ਰੋਜ਼ਾਨਾ ਜੀਵਨ 'ਚ ਵਰਤੋਂ ਕਰਿਆ ਕਰਦੇ ਸਨ। ਇਨ੍ਹਾਂ 'ਚੋਂ ਇਕ ਹੈ ਪੰਜਾਬ ਦੀ 'ਜੁੱਤੀ', ਜੋ ਮਾਲਵੇ ਦੇ ਨੌਜਵਾਨਾਂ 'ਤੇ ਮੁਟਿਆਰਾਂ ਲਈ ਅੱਜ ਵੀ, ਹਾਰ-ਸ਼ਿੰਗਾਰ 'ਚੋਂ ਇਕ ਹੈ। ਇਹ ਪੰਜਾਬੀ ਜੁੱਤੀ ਦੇਸ਼ਾਂ ਵਿਦੇਸਾਂ ਅੰਦਰ ਮਸ਼ਹੂਰ ਹੈ। ਅੱਜ ਵੀ ਜਦੋਂ ਕਿਤੇ ਕੋਈ ਫੈਸ਼ਨ ਸ਼ੋਅ ਹੁੰਦਾ ਤਾਂ ਗੱਭਰੂ ਅਤੇ ਮੁਟਿਆਰਾਂ ਜੁੱਤੀ ਨੂੰ ਹੀ ਪਹਿਲ ਦਿੰਦੇ ਹਨ। ਜੁੱਤੀ ਦੀ ਵਰਤੋਂ ਪੰਜਾਬ ਦੇ ਸਾਧਾਰਨ ਲੋਕਾਂ ਤੋਂ ਲੈ ਕੇ ਦੇਸ਼ਾਂ-ਵਿਦੇਸਾਂ ਵਿਚ ਬੈਠੇ ਲੋਕ ਪਹਿਲ ਦੇ ਅਧਾਰ 'ਤੇ ਕਰਦੇ ਹਨ। ਵਿਦੇਸ਼ੀ ਲੋਕ ਜਦੋਂ ਵੀ ਭਾਰਤ ਆਉਂਦੇ ਹਨ ਤਾਂ ਪੰਜਾਬ ਦੀ ਜੁੱਤੀ ਖ਼ਰੀਦਣਾ ਨਹੀਂ ਭੁੱਲਦੇ। ਉਂਜ ਤਾਂ ਭਾਵੇਂ ਜੁੱਤੀ ਪੂਰੇ ਪੰਜਾਬ ਅੰਦਰ ਹੀ ਬਣਦੀ ਹੈ ਪਰ ਸ੍ਰੀ ਮੁਕਤਸਰ ਸਾਹਿਬ ਦੀ ਜੁੱਤੀ ਲੋਕ ਜ਼ਿਆਦਾ ਚਾਅ ਨਾਲ ਪਾਉਂਦੇ ਹਨ। ਸ੍ਰੀ ਮੁਕਤਸਰ ਸਾਹਿਬ ਵਿਖੇ ਜੁੱਤੀਆਂ ਦਾ ਕਾਰੋਬਾਰ ਪੀੜ੍ਹੀ ਦਰ ਪੀੜ੍ਹੀ ਅੱਜ ਦੀ ਸ਼ਾਨੋ ਸ਼ੌਕਤ ਨਾਲ ਬਰਕਰਾਰ ਹੈ। ਸ਼ਹਿਰ ਵਿਚ ਜੁੱਤੀਆਂ ਦੀਆਂ ਕਈ ਮਸ਼ਹੂਰ ਦੁਕਾਨਾਂ ਹਨ। ਜਿਨ੍ਹਾਂ 'ਤੇ ਅਕਸਰ ਲੋਕਾਂ ਦੀ ਭੀੜ ਵੇਖੀ ਜਾ ਸਕਦਾ ਹੈ, ਜੁੱਤੀਆਂ ਖਰੀਦ ਲਈ। ਪੰਜਾਬੀ ਜੁੱਤੀਆਂ ਬਣਾਉਣ ਵਾਲੇ ਕਾਰੀਗਰ ਜਗਦੇਵ ਸਿੰਘ ਲੱਕੀ ਨੇ ਦੱਸਿਆ ਕਿ ਲੋਕਾਂ ਅੰਦਰ ਅੱਜ ਵੀ ਪੰਜਾਬੀ ਜੁੱਤੀ ਪ੍ਰਤੀ ਕਾਫ਼ੀ ਉਤਸ਼ਾਹ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੰਗੀਰ ਸਿੰਘ ਨੇ ਸੰਨ 1964 ਤੋਂ ਜੁੱਤੀਆਂ ਬਣਾਉਣ ਦਾ ਕਿੱਤਾ ਸ਼ੁਰੂ ਕੀਤਾ, ਜਿਸ ਨੂੰ ਬਾਅਦ ਵਿਚ ਉਨ੍ਹਾਂ ਦੇ ਪਿਤਾ ਗੁਰਜੰਟ ਸਿੰਘ ਅੱਗੇ ਤੋਰਿਆ ਅਤੇ ਅੱਜ ਉਹ ਇਸ ਧੰਦੇ ਨਾਲ ਜੁੜਿਆ ਹੋਇਆਂ ਹੈ। ਲੱਕੀ ਨੇ ਇਹ ਵੀ ਦੱਸਿਆ ਕਿ ਉਸ ਨੇ ਸ਼ੁਰੂ ਤੋਂ ਹੀ ਪਿਤਾ ਪੁਰਖ਼ੀ ਕਿੱਤੇ ਨੂੰ ਅਪਣਾ ਲਿਆ ਸੀ। ਸ਼ਹਿਰ ਅੰਦਰ ਬਣੀ ਉਨ੍ਹਾਂ ਦੀ ਦੁਕਾਨ ਪਿਛਲੇ ਲੰਬੇ ਸਮੇਂ ਤੋਂ ਮਸ਼ਹੂਰ ਹੈ।

ਸਧਾਰਨ ਅਤੇ ਫੈਸ਼ਨੇਬਲ ਜ਼ਿੰਦਗੀ ਵਿਚ ਜੁੱਤੀ ਦੀ ਭੂਮਿਕਾ ਅਹਿਮ ਹੈ। ਵੱਖ-ਵੱਖ ਲੋਕਾਂ 'ਚ ਵੱਖੋ-ਵੱਖਰੀ ਜੁੱਤੀ ਪਹਿਨਣ ਦਾ ਸ਼ੌਂਕ ਹੈ। ਲੱਕੀ ਨੇ ਦੱਸਿਆ ਕਿ ਆਮ ਤੌਰ 'ਤੇ ਜੁੱਤੀ ਦੀਆਂ 5 ਕਿਸਮਾਂ ਹੁੰਦੀਆਂ ਹਨ, ਜਿਨ੍ਹਾਂ 'ਚ ਖੋਸਾ ਜੁੱਤੀ, ਲੱਕ ਮਾਰਵੀਂ, ਦਿੱਲੀ ਫੈਸ਼ਨ, ਇਕ ਪੈਰੀ ਅਤੇ ਗੁਰਗਾਬੀ ਜੁੱਤੀ ਸ਼ਾਮਲ ਹਨ। ਇਨ੍ਹਾਂ ਕਿਸਮਾਂ 'ਚੋਂ ਨੌਜਵਾਨਾਂ ਤੇ ਮੁਟਿਆਰਾਂ ਦੀ ਜ਼ਿਆਦਾਤਰ ਪਸੰਦ ਖੋਸਾ ਜੁੱਤੀ ਅਤੇ ਲੱਕ ਮਾਰਵੀਂ ਜੁੱਤੀ ਹੈ। ਇਨ੍ਹਾਂ ਜੁੱਤੀਆਂ ਦੀ ਕੀਮਤ 500 ਤੋਂ ਲੈ ਕੇ 800 ਦੇ ਦਰਮਿਆਨ ਹੁੰਦੀ ਹੈ, ਜਦੋਂਕਿ ਕਢਾਈ ਕਰਕੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਜੁੱਤੀ 1000 ਕੁ ਰੁਪਏ ਦੇ ਅੰਦਰ-ਅੰਦਰ ਮਿਲ ਜਾਂਦੀ ਹੈ। ਮੁਟਿਆਰਾਂ 'ਚ ਕਢਾਈ ਤੇ ਘੁੰਗਰੂਆਂ ਵਾਲੀ ਜੁੱਤੀ ਦਾ ਸ਼ੌਂਕ ਜ਼ਿਆਦਾ ਵੇਖਿਆ ਜਾਂਦਾ ਹੈ, ਜਦੋਂਕਿ ਨੌਜਵਾਨ ਕੁੜਤੇ ਚਾਦਰੇ, ਸਿਰਾਂ 'ਤੇ ਪੱਗ ਤੇ ਪੈਰਾਂ 'ਚ ਖੋਸੇ ਵਾਲੀ ਜੁੱਤੀ ਨੂੰ ਵਿਸ਼ੇਸ਼ ਤਰਜ਼ੀਹ ਦਿੰਦੇ ਹਨ। ਇਸ ਤੋਂ ਇਲਾਵਾ ਚਾਂਦੀ ਦੀ ਜੁੱਤੀ ਦਾ ਰਿਵਾਜ ਵੀ ਅੱਜ ਕਲ੍ਹ ਕਾਫ਼ੀ ਪ੍ਰਚੱਲਿਤ ਹੋ ਰਿਹਾ ਹੈ। ਚਾਂਦੀ ਦੀ ਪਰਤ ਨਾਲ ਤਿਆਰ ਕੀਤੀ ਜੁੱਤੀ ਖ਼ਾਸ ਕਰ ਸਰਦੇ ਪੁੱਜਦੇ ਘਰਾਂ ਵੱਲੋਂ ਹੀ ਖ਼ਰੀਦੀ ਜਾਂਦੀ ਹੈ, ਜੋ ਲੋਕ ਆਪਣੀਆਂ ਧੀਆਂ ਦੇ ਦਾਜ ਵਰੀ ਲਈ ਖ਼ਰੀਦ ਦੇ ਹਨ। ਇਹ ਜੁੱਤੀ ਵੇਖਣ 'ਚ ਬੜੀ ਦਿਲ ਖਿਚਵੀਂ ਹੁੰਦੀ ਹੈ। ਲੱਕੀ ਨੇ ਦੱਸਿਆ ਕਿ ਚਾਂਦੀ ਦੀ ਜੁੱਤੀ ਕਰੀਬ 8 ਕੁ ਹਜ਼ਾਰ ਦੀ ਬਣਦੀ ਹੈ। ਇਸ ਤੋਂ ਇਲਾਵਾ ਕਸੂਰੀ ਜੁੱਤੀ, ਜੋ ਕਿ ਪਾਕਿਸਤਾਨ ਦੇ ਮਸ਼ਹੂਰ ਸ਼ਹਿਰ ਕਸੂਰ 'ਚ ਹੋਂਦ 'ਚ ਆਈ, ਅੱਜ ਵੀ ਪਾਕਿਸਤਾਨ ਦੇ ਨਾਲ-ਨਾਲ ਹੋਰਨਾਂ ਦੇਸ਼ਾਂ ਵਿਚ ਪਹਿਨੀ ਜਾਂਦੀ ਹੈ। ਕਸੂਰੀ ਜੁੱਤੀ ਬੇਹੱਦ ਹਲਕੀ ਹੁੰਦੀ ਹੈ, ਜਿਸ ਨੂੰ ਇਕ ਹੱਥ ਨਾਲ ਮੋੜਿਆ ਜਾ ਸਕਦਾ ਹੈ। ਪਹਿਲਾਂ ਦੇ ਸਮੇਂ ਅੰਦਰ ਕਸੂਰੀ ਜੁੱਤੀ ਹਰ ਮੁਟਿਆਰ ਤੇ ਗੱਭਰੂ ਦੀ ਪਹਿਲੀ ਪਸੰਦ ਹੁੰਦੀ ਸੀ।

ਅਕਸਰ ਇਨ੍ਹਾਂ ਦੁਕਾਨ 'ਤੇ ਗਾਇਕਾਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਲੱਕੀ ਦੇ ਦੱਸਣ ਅਨੁਸਾਰ ਉਨ੍ਹਾਂ ਦੀ ਦੁਕਾਨ ਤੋਂ ਅੱਜ ਤਕ ਲੋਕ ਗਾਇਕ ਹਰਜੀਤ ਹਰਮਨ, ਲਖਵਿੰਦਰ ਵਡਾਲੀ, ਕੁਲਵਿੰਦਰ ਬਿੱਲਾ, ਰਾਜਵੀਰ ਜਵੰਧਾ, ਇੰਦਰਜੀਤ ਨਿੱਕੂ, ਅਦਾਕਾਰ ਗੁੱਗੂ ਗਿੱਲ ਅਤੇ ਗਾਇਕਾ ਸਤਿੰਦਰ ਸੱਤੀ ਵਰਗੀਆਂ ਮਹਾਨ ਹਸਤੀਆਂ ਜੁੱਤੀਆਂ ਦੀ ਖ਼ਰੀਦਦਾਰੀ ਕਰ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਅਕਸਰ ਇਨ੍ਹਾਂ ਵੱਲੋਂ ਜਾਂ ਵਿਦੇਸਾਂ 'ਚ ਬੈਠੇ ਜੁੱਤੀਆਂ ਦੇ ਸ਼ੌਕੀਨਾਂ ਵੱਲੋਂ ਆਰਡਰ ਦੇ ਕੇ ਮੁਕਤਸਰ ਤੋਂ ਸਪੈਸ਼ਲ ਜੁੱਤੀ ਮੰਗਵਾਈ ਜਾਂਦੀ ਹੈ। ਉਸ ਨੇ ਦੱਸਿਆ ਕਿ ਫਿਲਮਾਂ ਜਾਂ ਗੀਤਾਂ ਦੀ ਸ਼ੂਟਿੰਗ ਦੌਰਾਨ ਅਕਸਰ ਇਨ੍ਹਾਂ ਜੁੱਤੀਆਂ ਦੀ ਖ਼ਰੀਦੀ ਕੀਤੀ ਜਾਂਦੀ ਹੈ।

ਸਮੇਂ-ਸਮੇਂ 'ਤੇ ਪੰਜਾਬੀ ਗੀਤਕਾਰਾਂ ਵੱਲੋਂ ਆਪਣੀ ਕਲਮ ਨਾਲ ਪੰਜਾਬੀ ਵਿਰਸੇ ਦੀ ਨਿਸ਼ਾਨੀ ਜੁੱਤੀ ਨੂੰ ਪਰੋਇਆ ਜਾਂਦਾ ਰਿਹਾ ਹੈ। ਬਹੁਤੇ ਪੰਜਾਬੀ ਗੀਤਾਂ ਅੰਦਰ ਪੰਜਾਬ ਦੀ ਝਲਕ ਦੇ ਨਾਲ-ਨਾਲ ਪੰਜਾਬੀ ਸੂਟ ਤੇ ਜੁੱਤੀ ਦਾ ਜ਼ਿਕਰ ਆਮ ਹੀ ਸੁਣਨ ਨੂੰ ਮਿਲਦਾ ਹੈ। ਇਸ ਤੋਂ ਇਲਾਵਾ ਵਿਆਹਾਂ 'ਚ ਜੁੱਤੀ ਨਾਲ ਸਬੰਧੀ ਬੋਲੀਆਂ ਵੀ ਅਕਸਰ ਗਾਈਆਂ ਜਾਂਦੀਆਂ ਹਨ। ਜਿਵੇਂ :

ਜੁੱਤੀ ਕਸੂਰੀ, ਪੈਰੀ ਨਾ ਪੂਰੀ
ਹਾਏ ਰੱਬਾ ਵੇ ਸਾਨੂੰ ਤੁਰਣਾ ਪਿਆ
ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ
ਓਨੀ ਰਾਹੀਂ ਵੇ ਮੈਨੂੰ ਮੁੜਣਾ ਪਿਆ...

ਚੰਨਾ ਦਿਲ ਦੀ ਰੀਝ ਪੁਗਾ ਦੇ
ਮੈਂ ਸੋਚਾਂ ਜਾਗਦੀ ਸੁੱਤੀ
ਮੈਨੂੰ ਲੈ ਦੇ ਸੋਹਣਿਆ ਵੇ
ਸੂਫ ਦਾ ਘੱਗਰਾ ਪੰਜਾਬੀ ਜੁੱਤੀ...

ਮੁਕਤਸਰ ਦੀ ਇਕ ਦੁਕਾਨ 'ਤੇ ਕੰਮ ਕਰ ਦੇ ਕਾਰੀਗਰ ਦਾ ਕਹਿਣਾ ਹੈ ਕਿ ਸੰਨ 1964 ਦੇ ਦੌਰ 'ਚ ਲੋਕਾਂ ਨੂੰ ਪੰਜਾਬੀ ਜੁੱਤੀ ਪਾਉਣ ਦਾ ਬੇਹੱਦ ਸ਼ੌਕ ਸੀ। ਉਸ ਸਮੇਂ ਜ਼ਿਆਦਾਤਰ ਸਾਬਰ ਅਤੇ ਕੁਰਮ ਦੀ ਜੁੱਤੀ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਜੁੱਤੀ ਬੱਕਰੇ ਦੀ ਖੱਲ੍ਹ ਦੀ ਬਣਦੀ ਸੀ, ਜੋ ਕਈ ਸਾਲਾਂ ਤਕ ਹੰਢਦੀ, ਜਦੋਂਕਿ ਮੌਜੂਦਾ ਦੌਰ ਵਿਚ ਜੁੱਤੀ ਦੀਆਂ ਕਈ ਕਿਸਮਾਂ ਬਜ਼ਾਰ ਵਿਚ ਆ ਗਈਆਂ ਹਨ। ਉਨ੍ਹਾਂ ਦੱਸਿਆ ਕਿ ਅੱਜ ਦੀਆਂ ਮੁਟਿਆਰਾਂ ਜੁੱਤੀ ਸੂਟ ਦੀ ਮੈਚਿੰਗ ਦੇ ਹਿਸਾਬ ਨਾਲ ਖ਼ਰੀਦ ਦੀਆਂ ਹਨ ਜਦੋਂਕਿ ਗੱਭਰੂ ਕੁੜਤੇ ਪਜ਼ਾਮੇ ਨਾਲ ਜ਼ਿਆਦਾਤਰ ਕਾਲੇ ਰੰਗ ਦੀ ਜੁੱਤੀ ਖ਼ਰੀਦਦੇ ਹਨ। ਅਜੋਕੇ ਸਮੇਂ 'ਚ ਜਿੱਥੇ ਬਜ਼ਾਰਾਂ ਅੰਦਰ ਸੱਸਤੀਆਂ ਤੇ ਗੱਤਾਨੁਮਾ ਜੁੱਤੀਆਂ ਨੇ ਲੋਕਾਂ ਦੀ ਸੋਚ ਨੂੰ ਜੁੱਤੀ ਤੋਂ ਪਰ੍ਹੇ ਕਰ ਦਿੱਤਾ ਹੈ, ਉੱਥੇ ਹੀ ਇਸ ਕਿੱਤੇ ਨਾਲ ਜੁੜੇ ਕਾਰੀਗਰਾਂ ਦੇ ਰੁਜ਼ਗਾਰ ਨੂੰ ਵੀ ਭਾਰੀ ਸੱਟ ਵੱਜੀ ਹੈ। ਲੋਕਾਂ ਦੇ ਪੈਰਾਂ ਨੂੰ ਢਕਣ ਅਤੇ ਸਜਾਉਣ ਦਾ ਕੰਮ ਕਰਨ ਵਾਲੇ ਕਾਰੀਗਰ ਅੱਜ ਪੱਛਮੀ ਸੱਭਿਅਤਾ ਦੇ ਪ੍ਰਭਾਵ ਕਾਰਨ ਖ਼ੁਦ ਨੰਗੇ ਪੈਰੀ ਹੋਣ ਜਾ ਰਹੇ ਹਨ। ਪੰਜਾਬੀ ਵਿਰਸੇ ਦੀ ਅਨਮੋਲ ਪ੍ਰਤੀਕ ਜੁੱਤੀ ਅੱਜ ਸਾਡੇ ਤੋਂ ਵਿਸਰ ਰਹੀ ਹੈ। ਨੌਜਵਾਨਾਂ 'ਚ ਅੱਜ ਪੱਛਮੀ ਸੱਭਿਅਤਾ ਦਾ ਬੋਲਬਾਲਾ ਹੋ ਰਿਹਾ ਹੈ। ਦਿਨੋ ਦਿਨ ਲੋਕਾਂ ਦੇ ਰਹਿਣ ਤੇ ਕੰਮਾਂ 'ਚ ਤਬਦੀਲੀ ਆ ਰਹੇ ਹੈ, ਅਜਿਹੇ ਮਾਹੌਲ 'ਚ ਸਰਕਾਰਾਂ ਦਾ ਫ਼ਰਜ਼ ਬਣਦਾ ਹੈ ਕਿ ਜੁੱਤੀਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਣ ਤਾਂ ਜੋ ਜੁੱਤੀ ਦੀ ਹੋਂਦ ਨੂੰ ਅੱਗੇ ਤਕ ਵੀ ਬਰਕਰਾਰ ਰੱਖਿਆ ਜਾ ਸਕੇ। •

ਮੋਬਾਈਲ : 95015-08202



**ਤਿੱਲੇ ਵਾਲੀ ਪੰਜਾਬੀ ਜੁੱਤੀ**

ਪੰਜਾਬੀ ਜੁੱਤੀ ਉੱਤਰ ਭਾਰਤ ਤੇ ਗੁਆਂਢੀ ਖੇਤਰਾਂ 'ਚ ਆਮ ਜੁੱਤੀ ਵਾਂਗਰ ਹੈ। ਇਹ ਪਰੰਪਰਾਗਤ ਰੂਪ 'ਚ ਚਮੜੇ ਤੇ ਅਸਲੀ ਸੋਨੇ-ਚਾਂਦੀ ਦੇ ਧਾਗੇ ਨਾਲ ਕਢਾਈ ਕਰ ਕੇ ਬਣਾਈ ਜਾਂਦੀ ਸੀ। ਹਾਲਾਂਕਿ ਅੱਜ ਕੱਲ੍ਹ ਵੱਖ-ਵੱਖ ਤਰ੍ਹਾਂ ਦੀਆਂ ਜੁੱਤੀਆਂ ਉਪਲਬਧ ਹਨ। ਅੰਮ੍ਰਿਤਸਰ, ਪਟਿਆਲਾ ਤੇ ਮੁਕਤਸਰ ਪੰਜਾਬੀ ਜੁੱਤੀ ਦੇ ਮਹੱਤਵਪੂਰਨ ਵਪਾਰ ਕੇਂਦਰ ਹਨ।



# ਟੁੱਟੀ ਆਸ ਦਾ ਸਾਹਮਣਾ

ਕਰਮਜੀਤ ਕੌਰ (ਅੰਜੂ)

ਮਾਰਚ ਮਹੀਨੇ ਦਾ ਰਿਜ਼ਲਟ ਆਉਣ ਤੋਂ ਬਾਅਦ ਨਵੀਆਂ ਕਿਤਾਬਾਂ-ਕਾਪੀਆਂ ਖਰੀਦਣ ਦਾ ਚਾਅ ਬੱਚਿਆਂ ਵਿੱਚ ਸਾਉਣ ਭਾਦੋਂ ਦੇ ਬੱਦਲਾਂ ਵਾਂਗ ਭਰ ਭਰ ਉਮੜ ਰਿਹਾ ਸੀ। ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚੇ ਬੜੇ ਖੁਸ਼ ਦਿਖਾਏ ਦੇ ਰਹੇ ਸਨ। ਰਿਜ਼ਲਟ ਤੋਂ ਕੁਝ ਦਿਨਾਂ ਬਾਅਦ ਬੱਚੇ ਨਵੀਆਂ ਕਿਤਾਬਾਂ-ਕਾਪੀਆਂ ਲੈਣ ਤੇ ਦਾਖਲੇ ਭਰਨ ਲਈ ਸਕੂਲ ਵਿੱਚ ਆਉਣ ਲੱਗੇ।ਮੇਰੀ ਵੀ ਉਸ ਟੀਚਰ ਨਾਲ ਡਿਊਟੀ ਲਗਾ ਦਿੱਤੀ ਗਈ ਜੋ ਪੁਸਤਕਾਂ ਦੇਣ ਲਈ ਬੈਠੇ ਸਨ। ਇੱਕ ਦਿਨ ਇੱਕ ਅਲੱਗ ਜਿਹੇ ਕਮਰੇ ਵਿੱਚ ਬੈਠੇ ਮਾਪਿਆਂ ਦੀ ਉਡੀਕ ਕਰ ਰਹੇ ਸੀ। ਚਾਹ ਦੀਆਂ ਚੁਸਕੀਆਂ ਲੈਂਦੇ ਲੈਂਦੇ ਇੱਕ ਦੋ ਹੋਰ ਟੀਚਰ ਸਾਡੇ ਲਾਗੇ ਬੈਠ ਗਏ। ਸਕੂਲ ਦੇ ਬੱਚਿਆਂ ਬਾਰੇ ਗੱਲਾਂ ਕਰਦਿਆਂ ਕਰਦਿਆਂ ਸਭ ਨੇ ਆਪੋ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਵਾਰਤਾਲਾਪ ਕਰਨੀ ਸ਼ੁਰੂ ਕਰ ਦਿੱਤੀ।

ਕੋਈ ਆਪਣੇ ਬੱਚੇ ਨੂੰ ਡਾਕਟਰ, ਇੰਜੀਨੀਅਰ ਤੇ ਕੋਈ ਟੀਚਰ ਬਣਾਉਣਾ ਚਾਹੁੰਦੀ ਸੀ। ਗੱਲਾਂ ਕਰਦੇ ਕਰਦੇ ਇਕ ਬਜ਼ੁਰਗ ਇਕ ਬੱਚੇ ਦੀ ਉਂਗਲ ਫੜ ਅੰਦਰ ਦਾਖ਼ਲ ਹੋਇਆ। ਬੜੀ ਨਿਮਰਤਾ ਨਾਲ ਉਸ ਨੇ ਸਾਡੀ 'ਸਤਿ ਸ੍ਰੀ ਅਕਾਲ' ਪ੍ਰਵਾਨ ਕੀਤੀ ਤੇ ਕੁਰਸੀ 'ਤੇ ਬੈਠ ਗਿਆ। ਬਜ਼ੁਰਗ ਨੇ ਪੁੱਛਿਆ, 'ਬੀਬਾ ਇਹ ਪੜ੍ਹਾਈ ਵਿਚ ਕਿਵੇਂ ਹੈ'? ਉਸ ਦੀ ਕਲਾਸ ਟੀਚਰ ਨੇ ਬੱਚੇ ਦੀ ਪ੍ਰਸ਼ੰਸਾ ਕੀਤੀ ਤੇ ਸੈਕਿੰਡ ਡਿਵੀਜ਼ਨ ਵਿਚ ਪਾਸ ਹੋਣ ਦੀ ਵਧਾਈ ਦਿੱਤੀ। ਬਜ਼ੁਰਗ ਤੋਂ ਖ਼ੁਸ਼ੀ ਸੰਭਾਲੀ ਨਾ ਗਈ। ਚੰਗਾ, ਜੇ ਪੜ੍ਹ ਜਾਵੇ ਤਾਂ, ਨਾਲੇ ਆਪੇ ਆਖਦਾ ਹੁੰਦਾ ਇਹ, 'ਬਾਪੂ! ਮੈਂ ਨੀ ਪਿਓ ਵਾਂਗੂ ਦਿਹਾੜੀ ਕਰਨੀ, ਮੈਂ ਤਾਂ ਡਾਕਟਰ ਬਣੂਗਾ'। ਕਹਿੰਦੇ ਕਹਿੰਦੇ ਉਸ ਬਜ਼ੁਰਗ ਦੀਆਂ ਅੱਖਾਂ ਵਿਚ ਚਮਕ ਆ ਗਈ। 'ਭਾਈ ਬੀਬਾ, ਫਿਰ ਤੀਜੀ ਕਲਾਸ ਦੀਆਂ ਕਿਤਾਬਾਂ ਦੇ ਦਿਉ'। ਬਜ਼ੁਰਗ ਨੇ ਕਿਹਾ। ਮੈਡਮ ਨੇ ਤੀਜੀ ਕਲਾਸ ਦੀਆਂ ਕਿਤਾਬਾਂ ਲਿਆ ਬਜ਼ੁਰਗ ਦੇ ਅੱਗੇ ਰੱਖ ਦਿੱਤੀਆਂ ਤੇ ਮੈਨੂੰ ਸਲਿੱਪ ਕੱਟਣ ਲਈ ਕਹਿ ਦਿੱਤਾ। 'ਭਾਈ ਬੀਬਾ, ਕਿੰਨੇ ਦੀਆਂ ਨੇ'? ਚਾਰ ਕੁ ਕਿਤਾਬਾਂ ਹੱਥ ਵਿਚ ਫੜੀ ਬਜ਼ੁਰਗ ਉਨ੍ਹਾਂ ਦੀ ਚਮਕ ਵਿਚ ਆਪਣੇ ਪੋਤੇ ਦਾ ਭਵਿੱਖ ਲੱਭ ਰਿਹਾ ਸੀ। ਮੈਡਮ ਕਹਿੰਦੀ, '1100 ਦੀਆਂ ਨੇ ਜੀ'। '1100 ਦੀਆਂ!' ਬਾਬਾ ਸੋਚੀ ਪੈ ਗਿਆ। ਮੈਲੇ ਕੁਚੈਲੇ ਕੁੜਤੇ ਦੇ ਖੀਸੇ ਵਿਚ ਹੱਥ ਮਾਰ ਬਾਬੇ ਨੇ ਕੁਝ ਪੈਸੇ ਕੱਢੇ, ਇਕ 500 ਦਾ ਨੋਟ ਤੇ ਬਾਕੀ 50-50 ਰੁਪਏ ਦੇ ਚਾਰ ਨੋਟ ਸਨ। 'ਭਾਈ ਬੀਬਾ ਮੇਰੇ ਕੋਲ ਤਾਂ ਅਜੇ ਇੰਨੇ ਹੀ ਨੇ!' ਬਾਕੀ ਫੇਰ ਦੇ ਦੇਵਾਂਗਾ।

ਮੈਂ ਤਾਂ ਸੋਚਿਆ ਸੀ ਕਿ ਇਸੇ ਵਿਚ ਹੀ ਨਵੀਆਂ ਕਿਤਾਬਾਂ ਤੇ ਬਸਤਾ ਲੈ ਆਵਾਂਗੇ'।ਉਸ ਦੇ ਚਿਹਰੇ ਦੀ ਚਮਕ ਹੁਣ ਮੱਧਮ ਪੈ ਗਈ। ਉਸ ਦੀਆਂ ਅੱਖਾਂ ਵਿਚ ਆਸ ਦੇ ਸੁਪਨੇ ਧੁੰਦਲੇ ਜਿਹੇ ਲੱਗੇ। ਉਸ ਦੀ ਚਾਲ ਵਿਚ ਮੱਠਾਪਣ ਸੀ, ਜੋ ਮੈਨੂੰ ਸੋਚਣ ਲਈ ਮਜਬੂਰ ਕਰ ਰਿਹਾ ਸੀ ਕਿ ਕਦੀ ਉਸ ਬੱਚੇ ਦੇ ਸੁਪਨਿਆਂ ਤੇ ਬਜ਼ੁਰਗ ਦੀ ਆਸ ਨੂੰ ਬੂਰ ਪਵੇਗਾ ਜਾਂ? ਸੋਚਦੇ-ਸੋਚਦੇ ਕਿਸੇ ਹੋਰ ਟੁੱਟੀ ਆਸ ਦਾ ਸਾਹਮਣਾ ਕਰਨ ਦੇ ਡਰੋਂ ਮੈਂ ਉੱਥੇ ਕਿਸੇ ਹੋਰ ਟੀਚਰ ਦੀ ਡਿਊਟੀ ਲਗਵਾ ਕਮਰੇ ਤੋਂ ਬਾਹਰ ਆ ਗਈ। •

ਮੋਬਾਈਲ : 70099-23030

# ਪੰਜਾਬੀਆਂ ਦੀ ਅਮੀਰ ਵਿਰਾਸਤ

ਰਵਿੰਦਰ ਸਿੰਘ ਧਾਲੀਵਾਲ



ਪੰਜਾਬੀ ਸੱਭਿਆਚਾਰ ਪੰਜਾਬੀਆਂ ਦੀ ਅਮੀਰ ਵਿਰਾਸਤ ਹੀ ਨਹੀਂ ਸਗੋਂ ਹੱਥੀਂ ਰਚੀ ਕਲਾ ਦਾ ਅਦਭੁਤ ਨਮੂਨਾ ਹੈ। ਜਿਸ ਨਾਲ ਪੁਰਾਣੇ ਸਮੇਂ ਦੇ ਲੋਕ ਅੱਜ ਵਾਂਗ ਪਣੇ ਘਰਾਂ ਨੂੰ ਸਜਾਉਣ ਦੇ ਨਾਲੋਂ ਨਾਲ ਦੇਸੀ ਕਲਾ ਦਾ ਜ਼ਾਹਰਾ ਵੀ ਕਰਦੇ ਸਨ। ਇਨ੍ਹਾਂ ਮਹਾਨ ਕਲਾ ਕ੍ਰਿਤੀਆ ਚੋਂ ਇਕ ਅਜੂਬਾ ਹੈ ਚੁੱਲੇ ਚੌਂਕੇ ਦਾ ਓਟਾ, ਓਟਾ ਜਿਸ ਸਰਲ ਪੰਜਾਬੀ ਵਿਚ ਅਰਥ ਉਹਲਾ ਜਾ ਪਰਦਾ ਕਰਨਾ। ਇਸ ਦਾ ਸ਼ਬਦਿਕ ਅਰਥ ਭਾਈ ਕਾਨ੍ਹ ਸਿੰਘ ਨਾਭਾ ਵਾਰਾ ਰਚਿੱਤ ਪੰਜਾਬੀ ਦੇ ਮਹਾਨ ਸ਼ਬਦ ਕੋਸ਼ ਵਿਚ ਵੀ ਰਥ ਉਲ੍ਹਾ, ਕਨਾਤ ਜਾਂ ਪੜਦੇ ਦੀ ਕੰਧ ਦੱਸਿਆ ਗਿਆ ਹੈ ਜਿਸ ਨੂੰ ਵਿਆਕਰਨ ਭਾਸ਼ਾ ਵਿਚ (ਸੰਗਯਾ) ਨਾਂ ਦੇ ਤੌਰ ਰਤਿਆ ਜਾਂਦਾ ਹੈ । ਪੁਰਾਣੇ ਸਮੇਂ ਵਿਚ ਆਮ ਕਰਕੇ ਘਰਾਂ ਖੁਲ੍ਹੇ ਵਿਹੜੇ ਦੀ ਇਕ ਜਗ੍ਹਾ ਰਸੋਈ ਦੇ ਕੰਮ ਨਿਪਟਾਉਣ ਲਈ ਚੁੱਲੇ ਦੇ ਆਸੇ-ਪਾਸੇ ਚਾਰ ਪੰਜ ਫੁੱਟ ਲੰਬੀ ਤੇ ਨ ਚਾਰ ਫੁੱਟ ਉੱਚੀ ਕੱਚੀਆਂ ਇੱਟਾ ਦੀ ਦੀਵਾਰ ਬਣਾਈ ਜਾਂਦੀ ਸੀ ਤਾਂ ਜੋ ਬਾਹਰੋਂ ਰਹੇ ਵਿਆਕਤੀਆਂ ਨੂੰ ਖਾਣੇ ਤੇ ਸਵਾਣੀਆਂ ਤੋਂ ਇਕ ਦਾ ਬਣਿਆ ਰਹੇ। ਇਸ ਅੰਦਰ ਚੁੱਲ੍ਹਾ, ਹਾਰਾ ਤੇ ਵੱਡੇ ਰੇਵਾਰ ਹੋਣ ਕਾਰਨ ਰੋਟੀਆ ਣਾਉਣ ਲਈ ਵੱਡੀ ਤਵੀ ਲਾ ਚੁੱਲਾ ਅਲੱਗ ਤੋਂ ਮੌਜੂਦ ਹੁੰਦਾ ਸੀ। ਜ਼ਿਆਦਾਤਰ ਟੇ ਕੰਧ ਵਾਲੇ ਪਾਸੇ ਹੀ ਬਣਦੇ ਸਨ ਤਾਂ ਜੋ ਚੁੱਲ੍ਹੇ ਦੇ ਨਾਲ ਰਾ ਵੀ ਬਣਾਇਆ ਜਾ ਸਕੇ ਜਿਸ ਵਿਚ ਰੋਜ਼ ਮਰ੍ਹਾ ਦੀ ਤੋਂ ਆਉਣ ਵਾਲੇ ਭਾਂਡੇ ਰੱਖੇ ਜਾ ਸਕਣ । ਇਹ ਸਭ ਣਾਉਣ ਸਮੇਂ ਮਿੱਟੀ ਦਾ ਖ਼ਾਸ ਧਿਆਨ ਰੱਖਿਆ ਜਾਂਦਾ। ਇਸ ਲਈ ਕਾਲੀ ਜਾਂ ਟੋਬੇ ਵਿੱਚੋ ਕੱਢ ਕੇ ਲਿਆਂਦੀ ਕਣੀ ਮਿੱਟੀ ਦੀ ਹੀ ਵਰਤੋਂ ਕੀਤੀ ਜਾਂਦੀ ਸੀ ਤਾਂ ਜੋ ਲੰਮੇਂ ਮੇਂ ਤਕ ਟਿਕਾਊ ਰਹੇ। ਜ਼ਿਆਦਾਤਰ ਓਟੇ ਬਣਾਉਣ ਦਾ ਮ ਔਰਤਾਂ ਆਪਣੇ ਹੱਥੀ ਕਰਦੀਆਂ, ਬਾਹਰੋਂ ਮਿੱਟੀ ਦੀ ਾ-ਢੋਹਾਈ ਲਈ ਮਰਦਾਂ ਤੋਂ ਜ਼ਰੂਰ ਮੱਦਦ ਲਈ ਜਾਂਦੀ। ਸ ਨੂੰ ਤਿਆਰ ਕਰਨ ਤੋਂ ਬਾਅਦ ਪਾਂਡੂ ਦਾ ਪੋਚਾ ਅਤੇ ਲੀ ਮਿੱਟੀ ਨਾਲ ਲਿੱਪ ਕੇ ਨਿਖਾਰਿਆ ਜਾਂਦਾ। ਇਸ ਬਣਾਵਟ ਸਮੇਂ ਇੱਟਾ ਦੀ ਚਿਣਾਈ ਦੌਰਾਨ ਛੋਟੀਆਂ-ਟੀਆਂ ਮੋਰੀਆਂ ਰੱਖ ਕੇ ਓਟੇ ਨੂੰ ਹਵਾਦਾਰ ਬਣਾਇਆ ਜਾਂਦਾ। ਅੰਤਿਮ ਛੋਹਾਂ ਦਿੰਦੇ ਸਮੇਂ ਇਸ ਉੱਪਰ ਚਿੱਟੀ ਕਲੀ, ਨੀਲ ਨਾਲ ਬਣਾਏ ਨੀਲੇ ਰੰਗ ਤੇ ਗੂੜ੍ਹੇ ਗਾਜਣੀ ਰੰਗ ਨਾਲ ਫੁੱਲ ਬੂਟਿਆ, ਮੋਰ, ਕਬੂਤਰ ਤੇ ਹੋਰ ਜਾਨਵਰਾਂ ਦੀ ਚਿੱਤਰਕਾਰੀ ਕੀਤੀ ਜਾਂਦੀ ਸੀ। ਇਸੇ ਤਰ੍ਹਾਂ ਭਾਂਡਿਆਂ ਵਾਲੇ ਚੌਂਕੇ ਨੂੰ ਮਿੱਟੀ ਨਾਲ ਵੱਖੋ-ਵੱਖਰੇ ਆਕਾਰ ਦੇ ਕੇ ਤੇ ਰੰਗਾ ਨਾਲ ਸਜਾਇਆ ਜਾਂਦਾ ਸੀ। ਰੰਗ-ਬਿਰੰਗੇ ਇਸ ਓਟੇ ਦੇ ਚੁੱਲੇ ਚੌਂਕੇ ਵਿਚ ਲੋਹੇ, ਪਿੱਤਲ, ਕਾਂਸੇ, ਤਾਂਬੇ ਆਦਿ ਦੇ ਭਾਂਡਿਆ ਦੀ ਚਮਕ ਕਿਸੇ ਸੋਨੇ ਤੋਂ ਘੱਟ ਨਹੀਂ ਸੀ ਹੁੰਦੀ।

ਸਰਦੀਆਂ ਵਿਚ ਇਸ ਓਟੇ ਦੀ ਰੌਣਕ ਹੋਰ ਵੀ ਵਧ ਜਾਂਦੀ ਜਦੋਂ ਪਰਿਵਾਰ ਦਾ ਹਰ ਮੈਂਬਰ ਠੰਡ ਤੋਂ ਬਚਣ ਲਈ ਓਟੇ 'ਚ ਬਲ਼ ਰਹੇ ਚੁੱਲ੍ਹੇ ਦੀ ਅੱਗ ਨੂੰ ਸੇਕਣ ਲਈ ਤਤਪਰ ਰਹਿੰਦਾ। ਇਹ ਵਿਰਾਸਤ ਜਿੱਥੇ ਸ਼ੁੱਧ ਤੇ ਸੰਵਾਦਲੇ ਖਾਣੇ ਲਈ ਜਾਣੀ ਜਾਂਦੀ ਸੀ ਓਥੇ ਹੀ ਘਰ ਦੇ ਮੈਂਬਰਾ ਨੂੰ ਏਕਤਾ ਵਿਚ ਵੀ ਬੰਨ੍ਹ ਕੇ ਰੱਖਦੀ ਸੀ। ਭਾਂਵੇ ਅਜੋਕੇ ਸਮੇਂ ਦੀ ਭਜ ਦੌੜ ਦੀ ਜ਼ਿੰਦਗੀ ਨੇ ਇਹ ਸਭ ਵਿਰਾਸਤਾਂ ਖੋਹ ਲਈਆਂ ਹਨ ਪਰ ਹੁਣ ਵੀ ਹਰ ਪੰਜਾਬੀ ਆਪਣੇ ਦਿਲ ਅੰਦਰ ਭਲੇ ਵੇਲਿਆ ਨੀ ਨੂੰ ਤਲਾਸ਼ਦਾ ਇਹ ਕਹਿੰਦਾ ਹੈ :

ਨਾ ਅੱਗ ਬਲਦੀ ਚੁੱਲੇ ਦੇ ਵਿਚ
ਨਾ ਰਿੜਕੇ ਕੋਈ ਮਧਾਣੀ
ਭੁੱਲ ਗਏ ਲੋਕ ਬਹਿ ਪੀੜ੍ਹੀ 'ਤੇ
ਚੁੱਲ੍ਹੇ ਮੂਹਰੇ ਰੋਟੀ ਖਾਣੀ...

ਬਹੁਤਕਨੀਕੀ ਯੁੱਗ ਨੇ ਸਾਂਝੇ ਚੁੱਲ੍ਹੇ ਜਾਂ ਘਰਾਂ ਦੀ ਰਵਾਇਤ ਤੇ ਖੁਲ੍ਹੇ ਆਸਮਾਨ ਵਿਚਲੀਆਂ ਰਸੋਈਆਂ ਨੂੰ ਖ਼ਤਮ ਹੀ ਕਰ ਦਿੱਤਾ। ਜਿਸ ਦੀ ਜਗ੍ਹਾ ਹੁਣ ਡਰਾਇੰਗ ਰੂਮ ਜਾਂ ਲੋਬੀ ਕੋਲ ਅੰਦਰ ਬਣੀ ਰਸੋਈ ਨੂੰ ਓਪਨ ਚਿਕਨ ਆਖ ਖੁਲ੍ਹ ਮਹਿਸੂਸ ਕਰਦੇ ਹਨ। ਪੰਜਾਬੀਆਂ ਦੀ ਪੈਸੇ ਇਕੱਠੇ ਕਰਨ ਦੀ ਲਾਲਸਾ ਨੇ ਅਮੀਰ ਵਿਰਸਾ ਗੁਆਚ ਹੀ ਲਿਆ ਹੈ। •

ਮੋਬਾਈਲ : 99880-03419

# ਵਿੱਦਿਆ ਪੜ੍ਹਾ ਦੇ ਬਾਬਲਾ...

ਜਗਤਾਰ ਪੱਖੋ

ਮੁੱਢ ਕਦੀਮ ਤੋਂ ਹੀ ਧੀਆਂ ਪ੍ਰਤੀ ਸਾਡਾ ਸਮਾਜਿਕ ਨਜ਼ਰੀਆ ਬਹੁਤਾ ਵਧੀਆ ਨਹੀਂ ਰਿਹਾ। ਅਸੀਂ ਬਜ਼ੁਰਗਾਂ ਤੋਂ ਇਹ ਗੱਲਾਂ ਆਮ ਸੁਣੀਆਂ ਹਨ ਕਿ ਪਹਿਲੇ ਸਮਿਆਂ ਵਿਚ ਜਦੋਂ ਕਿਸੇ ਘਰ ਧੀ ਦੀ ਆਮਦ ਹੋ ਜਾਂਦੀ ਤਾਂ ਸਾਰਾ ਪਰਿਵਾਰ ਸੋਗਮਈ ਆਲਮ ਵਿਚ ਡੁੱਬ ਜਾਂਦਾ ਸੀ। ਧੀ ਦਾ ਪੱਥਰ ਡਿੱਗਣ ਜਿਹੇ ਸ਼ਬਦਾਂ ਨਾ ਸਵਾਗਤ ਕੀਤਾ ਜਾਂਦਾ। ਕਈ ਜ਼ਾਲਮ ਔਰਤਾਂ ਤਾਂ ਜਨਮ ਸਮੇਂ ਹੀ ਬੱਚੀ ਦਾ ਗਲ਼ ਘੁੱਟ ਕੇ ਜਾ ਕੋਈ ਨਸ਼ੀਲੀ ਦਵਾਈ ਪਿਲਾ ਕੇ ਉਸ ਕੰਜਕਾਂ ਨੂੰ ਤੜਫ਼ਾ ਤੜਫ਼ਾ ਕੇ ਮਾਰ ਦਿੰਦੀਆਂ ਸਨ। ਉਸ ਸਮੇਂ ਪੜ੍ਹਨਾ-ਲਿਖਣਾ ਤਾਂ ਦੂਰ ਦੀ ਗੱਲ ਲੜਕੀਆਂ ਨੂੰ ਘਰੋਂ ਬਾਹਰ ਨਿਕਲਣ ਦੀ ਇਜ਼ਾਜਤ ਵੀ ਨਹੀਂ ਹੁੰਦੀ ਸੀ। ਧੀਆਂ ਘਰ ਦੀ ਚਾਰ ਦੀਵਾਰੀ ਅੰਦਰ ਹੀ ਕੈਦ ਰਹਿੰਦੀਆਂ ਸਨ। ਇਹੀ ਮੁੱਖ ਕਾਰਨ ਹੈ ਕਿ ਪੁਰਾਣੇ ਜ਼ਮਾਨੇ ਦੀਆਂ ਔਰਤਾਂ ਘੱਟ ਪੜ੍ਹੀਆਂ ਲਿਖੀਆਂ ਹਨ।

ਜਿਉਂ ਜਿਉਂ ਸਮਾਂ ਬਦਲਦਾ ਗਿਆ ਸਾਡੇ ਸਮਾਜਿਕ ਵਰਤਾਰਿਆਂ ਵਿਚ ਵੀ ਤਬਦੀਲੀ ਆਉਂਦੀ ਗਈ। ਜਿਸ ਕਰਕੇ ਧੀਆਂ ਪ੍ਰਤੀ ਰਵੱਈਆ ਵੀ ਤਬਦੀਲੀ ਹੋਇਆ। ਕੁੜੀਆਂ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਕੇ ਪੜ੍ਹਨ-ਲਿਖਣ ਲੱਗ ਪਈਆਂ। ਇੱਥੋਂ ਤਕ ਕਿ ਪੜ੍ਹਾਈ ਦੇ ਖੇਤਰ ਵਿਚ ਕੁੜੀਆਂ ਨੇ ਮਿਹਨਤ ਕਰਕੇ ਲੜਕਿਆਂ ਨੂੰ ਪਛਾੜ ਦਿੱਤਾ ਹੈ।

ਅੱਜ ਧੀਆਂ ਨੇ ਉਹ ਕਰਿਸ਼ਮੇ ਕਰ ਵਿਖਾਏ ਜਿਨ੍ਹਾਂ ਬਾਰੇ ਸਾਡੇ ਸਮਾਜ ਨੇ ਕਦੇ ਸੋਚਿਆ ਹੀ ਨਹੀਂ ਸੀ । ਕਲਪਨਾ ਚਾਵਲਾ, ਕਿਰਨ ਬੇਦੀ ਅਤੇ ਸੁਨੀਤਾ ਵਿਲੀਅਮ ਵਰਗੀਆਂ ਭਾਰਤੀ ਔਰਤਾਂ ਆਪਣੀ ਮਿਸਾਲ ਖ਼ੁਦ ਹਨ। ਬੇਸ਼ੱਕ ਲੜਕੀਆਂ ਨੇ ਬੇਹੱਦ ਮਿਹਨਤ ਕਰਕੇ ਉੱਚੇ ਰੁਤਬੇ ਪਾ ਕੇ ਇਹ ਦੱਸ ਦਿੱਤਾ ਹੈ ਕਿ ਅਸੀਂ ਲੜਕਿਆਂ ਤੋਂ ਘੱਟ ਨਹੀਂ ਹਾਂ। ਪਰ ਫਿਰ ਵੀ ਸਾਡੇ ਜ਼ਿਹਨ ਵਿਚ ਉਹ ਹੀ ਰੂੜੀਵਾਦੀ ਵਿਚਾਰਧਾਰਾ ਘਰ ਕਰੀ ਬੈਠੀ ਹੈ।

ਬੇਸ਼ੱਕ ਪਹਿਲਾਂ ਨਾਲੋਂ ਸਾਡੀ ਸੋਚ ਵਿਚ ਬਹੁਤ ਪਰਿਵਰਤਨ ਆਇਆ ਹੈ ਪਰ ਅਸੀਂ ਪੂਰਨ ਤੌਰ ਤੇ ਪੁਰਾਣੇ ਖ਼ਿਆਲਾਂ ਨੂੰ ਤਿਲਾਂਜਲੀ ਨਹੀਂ ਦੇ ਸਕੇ। ਜਿੱਥੇ ਪਹਿਲਾਂ ਧੀ ਨੂੰ ਜੰਮਣ 'ਤੇ ਮਾਰਿਆ ਜਾਂਦਾ ਸੀ। ਉੱਥੇ ਅੱਜ ਅਸੀਂ ਵਿਗਿਆਨਕ ਤਰੱਕੀ ਦਾ ਲਾਹਾ ਲੈਂਦੇ ਹੋਏ ਧੀ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੰਦੇ ਹਾਂ ।

ਬੇਸ਼ੱਕ ਸਰਕਾਰ ਨੇ ਲਿੰਗ ਨਿਰਧਾਰਨ ਟੈਸਟ 'ਤੇ ਸਖ਼ਤ ਪਾਬੰਦੀ ਲਾਈ ਹੋਈ ਹੈ ਪਰ ਫਿਰ ਵੀ ਇਹ ਚੋਰੀ ਛੁਪੇ ਵੱਡੀ ਤਦਾਦ ਵਿਚ ਇਹ ਗੋਰਖ ਧੰਦਾ ਚੱਲ ਰਿਹਾ ਹੈ। ਇਸ ਦੇ ਚੱਲਣ ਦਾ ਮੁੱਖ ਕਾਰਨ ਹੀ ਇਹੋ ਹੈ ਕਿ ਅਸੀਂ ਧੀ ਨਹੀਂ ਪੁੱਤਰ ਚਾਹੁੰਦੇ ਹਾਂ। ਅੱਜ ਵੀ ਜ਼ਿਆਦਾਤਰ ਪਰਿਵਾਰਾਂ ਵਿਚ ਧੀ ਜੰਮਣ 'ਤੇ ਸੋਗ ਮਨਾਇਆ ਜਾਂਦਾ ਹੈ। ਘਰ ਵਿਚ ਪੁੱਤਰ ਨੂੰ ਪਿਆਰ ਤੇ ਧੀ ਨੂੰ ਝਿੜਕਾਂ ਨਾਲ ਨਿਵਾਜ਼ਿਆ ਜਾਂਦਾ ਹੈ। ਧੀ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ ਵੱਲ ਲੜਕੇ ਦੇ ਮੁਕਾਬਲੇ ਘੱਟ ਧਿਆਨ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਿਵਹਾਰ ਨੂੰ ਵੇਖ ਕੇ ਧੀ ਘਰ ਵਿਚ ਸੋਚਦੀ ਹੈ ਜਿਵੇਂ ਉਸ ਨੇ ਲੜਕੀ ਦੇ ਰੂਪ ਵਿਚ ਜਨਮ ਲੈ ਕੇ ਕੋਈ ਬਹੁਤ ਵੱਡਾ ਗੁਨਾਹ ਕੀਤਾ ਹੋਵੇ। ਭਾਵੇਂ ਲੜਕਿਆਂ ਦੇ ਮੁਕਾਬਲੇ ਧੀਆਂ ਮਾਪਿਆਂ ਨੂੰ ਵਧ ਪਿਆਰ ਕਰਦੀਆਂ ਹਨ ਪਰ ਮਾਪੇ ਫਿਰ ਵੀ ਪੁੱਤਰਾਂ ਨੂੰ ਹੀ ਚਾਹੁੰਦੇ ਹਨ।

ਅਗਲੀ ਗੱਲ ਹੈ ਦਾਜ ਦੇਣ ਦੀ। ਕੀ ਧੀਆਂ ਨੂੰ ਦਾਜ ਦੇਣਾ ਚਾਹੀਦਾ ਹੈ ਜਾਂ ਨਹੀਂ? ਜੇਕਰ ਪਿਤਾ ਦੀ ਜ਼ਮੀਨ ਦੇ ਹੱਕਦਾਰ ਲੜਕੇ ਹਨ ਤਾਂ ਧੀਆਂ ਵੀ ਬਰਾਬਰ ਦਾ ਹੱਕ ਰੱਖਦੀਆਂ ਹਨ। ਪਰ ਬਹੁਤ ਘੱਟ ਲੜਕੀਆਂ ਹੁੰਦੀਆਂ ਹਨ ਜਿਹੜੀਆਂ ਆਪਣੇ ਭਰਾਵਾਂ ਕੋਲੋਂ ਜਾਇਦਾਦ ਵੰਡਾ ਕੇ ਲੈ ਜਾਂਦੀਆਂ ਹਨ। ਸਭ ਤੋਂ ਪਹਿਲਾਂ ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਧੀ ਨੂੰ ਪੜ੍ਹਾ ਲਿਖਾ ਕੇ ਪੈਰਾਂ 'ਤੇ ਖੜ੍ਹੀ ਕਰਨ ਫਿਰ ਯੋਗਤਾ ਅਨੁਸਾਰ ਚੰਗਾ ਲੜਕਾ ਲੱਭ ਕੇ ਉਸ ਦੀ ਸ਼ਾਦੀ ਕਰਨ। ਫਿਰ ਕੋਈ ਵੀ ਧੀ ਆਪਣੇ ਬਾਬਲ ਨੂੰ ਇਹ ਵੀ ਨਹੀਂ ਕਹਿੰਦੀ ਨਹੀਂ ਸੁਣਾਈ ਦੇਵੇਗੀ, 'ਵਿੱਦਿਆ ਪੜ੍ਹਾ ਦੇ ਬਾਬਲਾ, ਭਾਵੇਂ ਦੇਈ ਨਾ ਦਾਜ ਵਿਚ ਗਹਿਣੇ'।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਆਰਥਿਕ ਹਾਲਤ ਅਨੁਸਾਰ ਹੀ ਦਾਜ ਦੇ ਰੂਪ ਵਿਚ ਧੀ ਦਾ ਸਤਿਕਾਰ ਕਰਨ। ਇਸ ਤਰ੍ਹਾਂ ਦੀ ਗੱਲ ਲਿਖਣਾ ਦਾਜ ਪ੍ਰਥਾ ਨੂੰ ਵੜਾਵਾ ਦੇਣਾ ਨਹੀਂ ਇਸ ਵਿਚ ਧੀ ਦਾ ਸਨਮਾਨ ਛੁਪਿਆ ਹੋਇਆ ਹੈ, ਇਹ ਦਾਜ ਨਹੀਂ ਇਕ ਸਨਮਾਨ ਹੈ। ਇਸ ਤਰ੍ਹਾਂ ਵੀ ਨਾ ਹੋਵੇ ਕਿ ਮਾਪੇ ਪੁੱਤਰਾਂ ਦੀ ਜਾਇਦਾਦ ਦਾ ਨੁਕਸਾਨ ਕਰ ਕੇ ਆਪਣੀ ਧੀ ਡੋਲੀ ਤੋਰਨ। ਇਸ ਤਰ੍ਹਾਂ ਦਾਜ ਸਾਰੀ ਉਮਰ ਲਈ ਦੁਖਦਾਇਕ ਰੂਪ ਬਣ ਜਾਂਦਾ ਹੈ। ਜੋ ਭੈਣ-ਭਰਾ ਦੇ ਪਿਆਰ ਵਿਚ ਕੜੱਤਣ ਭਰ ਦਿੰਦਾ ਹੈ। •

ਮੋਬਾਈਲ : 9465196946



# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਦਾ ਪਟਿਆਲਾ ਪੁੱਜਣ 'ਤੇ ਭਰਵਾਂ ਸਵਾਗਤ

## ਵੱਡੀ ਗਿਣਤੀ ਸੰਗਤ ਸਮੇਤ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ, ਨੀਨਾ ਮਿੱਤਲ, ਗੁਰਲਾਲ ਘਨੌਰ ਤੇ ਚੇਅਰਮੈਨ ਹਡਾਣਾ ਨਗਰ ਕੀਰਤਨ ਨੂੰ ਨਤਮਸਤਕ ਹੋਏ

ਪਟਿਆਲਾ, 24 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਲਵੰਡੀ ਸਾਬੋ ਤੋਂ ਪੂਰੇ ਖਾਲਸਾਈ ਜਾਹੋ ਜਲਾਲ ਨਾਲ ਅਰੰਭ ਹੋਏ ਵਿਸ਼ਾਲ ਨਗਰ ਕੀਰਤਨ ਦਾ ਪਟਿਆਲਾ ਪੁੱਜਣ ਉਤੇ ਸੰਗਤ ਵੱਲੋਂ ਗਜਾਏ ਜੈਕਾਰਿਆਂ ਦੀ ਗੂੰਜ ਨਾਲ ਭਰਵਾਂ ਸਵਾਗਤ ਕਰਦਿਆਂ ਇੱਥੇ ਲੀਲ੍ਹਾ ਭਵਨ ਵਿਖੇ ਪੁਲਿਸ ਦੀ ਹਥਿਆਰਬੰਦ ਟੁੱਕੜੀ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ। ਫੁੱਲਾਂ ਨਾਲ ਸਜੀ ਸੁੰਦਰ ਪਾਲਕੀ ਸਾਹਿਬ ਵਿੱਚ ਨਾਲ ਸੁਸ਼ੋਭਿਤ ਜੁਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਕ ਹੋਣ ਸਮੇਂ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਉ ਭੇਟ ਕਰਦਿਆਂ ਸਿਹਤ ਮੰਤਰੀ ਡਾ ਬਲਬੀਰ ਸਿੰਘ ਸਮੇਤ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਸੂਬਾ ਜਨਰਲ ਸਕੱਤਰ ਬਲਤੇਜ ਪੰਨੂ ਅਤੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣਾ ਸਾਡੇ ਸਾਰਿਆਂ ਲਈ ਇਤਿਹਾਸਕ ਪਲ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਸਮੇਤ ਉਨ੍ਹਾਂ ਦੇ ਅਨਿੰਨ੍ਹ ਸਿੱਖਾਂ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੇ ਹਕੂਮਤੀ ਜ਼ਬਰ ਅਤੇ ਜਬਰੀ ਧਰਮ-ਪਰਿਵਰਤਨ ਦੇ ਖ਼ਿਲਾਫ ਖੜ੍ਹੇ ਹੋ ਕੇ ਦਰਸਾਇਆ ਕਿ ਉਨ੍ਹਾਂ ਦੀ ਕੁਰਬਾਨੀ ਕਿਸੇ ਇੱਕ ਧਰਮ ਲਈ ਨਹੀਂ ਬਲਕਿ ਸਮੁੱਚੀ ਮਨੁੱਖਤਾ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਨੂੰ ਨਿਮਾਣੇ ਸ਼ਰਧਾਲੂ ਵਜੋਂ ਪੂਰੀ ਅਕੀਦਤ, ਸ਼ਰਧਾ ਭਾਵਨਾ ਤੇ ਗੁਰਮਤਿ ਮਰਿਯਾਦਾ ਨਾਲ ਮਨਾ ਰਹੀ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ ਵਰੁਣ ਸ਼ਰਮਾ, ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਤੇ ਸ਼ਹਿਰ ਦੀ ਸੰਗਤ ਵੱਡੀ ਗਿਣਤੀ ਵਿੱਚ ਮੌਜੂਦ ਰਹੀ। ਨਗਰ ਕੀਰਤਨ ਦੀ ਪਾਲਕੀ ਸਾਹਿਬ ਤੇ ਪੰਜ ਪਿਆਰੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਦੇ ਪਵਿੱਤਰ ਸਥਾਨ ਵਿਖੇ ਵੀ ਪੁੱਜੇ, ਜਿੱਥੇ ਸਤਿਕਾਰਯੋਗ ਪੰਜ ਪਿਆਰਿਆਂ ਨੂੰ ਸਿਰੋਪਾਓ ਨਾਲ ਸਤਿਕਾਰਿਆ ਗਿਆ ਤੇ ਸੰਗਤ ਨੇ ਭਰਵਾਂ ਸਵਾਗਤ ਕੀਤਾ।

ਇਸ ਤੋਂ ਪਹਿਲਾਂ ਵਿਸ਼ਾਲ ਨਗਰ ਕੀਰਤਨ ਦਾ ਸੰਗਰੂਰ ਰੋਡ ਉਤੇ ਹਲਕਾ ਸਮਾਣਾ ਦੇ ਪਿੰਡ ਗੱਜੂਮਾਜਰਾ ਵਿਖੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਇਲਾਕੇ ਦੀ ਸੰਗਤ ਨੇ ਨਗਰ ਕੀਰਤਨ ਨੂੰ ਸਤਿਕਾਰ ਭੇਟ ਕਰਦਿਆਂ ਸਵਾਗਤ ਕੀਤਾ। ਜਦਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਤੇ ਸੰਗਤ ਨੇ ਵੀ ਗੁਰਦੁਆਰਾ ਪਰਮੇਸ਼ਵਰ ਦਵਾਰ, ਸ਼ੇਖੂਪੁਰ ਵਿਖੇ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ।

ਪਟਿਆਲਾ ਤੋਂ ਬਾਅਦ ਗੁਰਦੁਆਰਾ ਸਾਹਿਬ ਬਹਾਦਰਗੜ੍ਹ ਵਿਖੇ ਹਲਕਾ ਸਨੌਰ ਵੱਲੋਂ ਪੀਆਰਟੀਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ ਤੇ ਇਲਾਕੇ ਦੀ ਸੰਗਤ ਨੇ ਨਗਰ ਕੀਰਤਨ ਦਾ ਸਵਾਗਤ ਕੀਤਾ। ਇਸ ਦੌਰਾਨ ਪੰਜਾਬੀ ਯੂਨੀਵਰਸਿਟੀ ਵਿਖੇ ਵੀ ਨਗਰ ਕੀਰਤਨ ਦਾ ਸਵਾਗਤ ਕੀਤਾ। ਜਦਕਿ ਰਾਜਪੁਰਾ ਰੋਡ ਵਿਖੇ ਵਿਧਾਇਕ ਗੁਰਲਾਲ ਘਨੌਰ ਨੇ ਖੇੜੀ ਗੰਢਿਆਂ ਨੇੜੇ ਗੇੜੀ ਰੂਟ ਵਿਖੇ ਨਗਰ ਕੀਰਤਨ ਅਤੇ ਸੰਗਤ ਦਾ ਭਰਵਾਂ ਸਵਾਗਤ ਕੀਤਾ ਅਤੇ ਵਿਧਾਇਕ ਨੀਨਾ ਮਿੱਤਲ ਨੇ ਰਾਜਪੁਰਾ ਦੇ ਫੁਆਰਾ ਚੌਂਕ ਵਿਖੇ ਇਲਾਕੇ ਦੀ ਸੰਗਤ ਸਮੇਤ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਕਰਦਿਆਂ ਸ਼ਾਨਦਾਰ ਸਵਾਗਤ ਕੀਤਾ।

ਪਟਿਆਲਾ ਵਿਖੇ ਨਗਰ ਕੀਰਤਨ ਦੇ ਸਵਾਗਤ ਮੌਕੇ ਤੇਜਿੰਦਰ ਮਹਿਤਾ, ਮੇਘ ਚੰਦ ਸ਼ੇਰਮਾਜਰਾ, ਬਲਜਿੰਦਰ ਸਿੰਘ ਢਿੱਲੋਂ, ਜਗਦੀਪ ਜੱਗਾ, ਇੰਦਰਜੀਤ ਸਿੰਘ ਸੰਧੂ, ਹਰਿੰਦਰ ਕੋਹਲੀ, ਯਾਦਵਿੰਦਰ ਸਿੰਘ ਸੰਧੂ ਗੋਲਡੀ, ਅਮਰੀਕ ਸਿੰਘ ਬੰਗੜ, ਪਰਦੀਪ ਜੋਸ਼ਨ, ਜਰਨੈਲ ਮੰਨੂ, ਜਸਵੀਰ ਸਿੰਘ ਗਾਂਧੀ, ਅਮਿਤ ਡਾਬੀ, ਅੰਗਰੇਜ ਰਾਮਗੜ੍ਹ, ਗੁਰਦੀਪ ਸਿੰਘ ਟਿਵਾਣਾ, ਵੀਰਪਾਲ ਕੌਰ ਚਹਿਲ, ਰਾਜਵਿੰਦਰ ਕੌਰ ਤੋਂ ਇਲਾਵਾ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਹੋਰ ਪ੍ਰਮੁੱਖ ਸ਼ਖ਼ਸ਼ੀਅਤਾਂ ਆਦਿ ਹਾਜ਼ਰ ਸਨ।

# ਸੀਡੀਐਸਐਲ ਨੇ ਆਤਮਨਿਰਭਰਤਾ ਲਈ ਨਿਵੇਸ਼ਕ ਸਿੱਖਿਆ ਅਤੇ ਸ਼ਮੂਲੀਅਤ ਦੀ ਨਵੇਂ ਸਿਰੇ ਤੋਂ ਕਲਪਨਾ ਕਰਨ ਲਈ ਵਿਦਿਆਰਥੀਆਂ ਨੂੰ ਸੱਦਾ ਦਿੰਦੇ ਹੋਏ

ਚੰਡੀਗੜ੍ਹ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਏਸ਼ੀਆ ਦੀ ਪਹਿਲੀ ਸੂਚੀਬੱਧ ਡਿਪਾਜ਼ਟਰੀ ਅਤੇ 16.7 ਕਰੋੜ ਤੋਂ ਵੱਧ ਡੀਮੈਟ ਖਾਤਿਆਂ ਦੇ ਭਰੋਸੇਯੋਗ ਰਖਵਾਲੇ , ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ ( ਸੀਡੀਐਸਐਲ ) ਨੇ ਆਪਣਾ ਪਹਿਲਾ ਆਈਡੀਆਥੌਨ ਲਾਂਚ ਕੀਤਾ ਹੈ, ਜੋ ਕਿ ਵਿਦਿਆਰਥੀਆਂ ਲਈ ਇੱਕ ਇਨੋਵੇਸ਼ਨ ਚੁਣੌਤੀ ਹੈ। ਗੇਮੀਫਿਨ ਆਈਡੀਆਥੌਨ CDSL ਦੇ ਸਾਲਾਨਾ ਗੇਮੀਫਿਨ ਸਿੰਪੋਜ਼ੀਅਮ ਦੇ ਫਲੈਗਸ਼ਿਪ ਤੀਜੇ ਐਡੀਸ਼ਨ ਦੇ ਤਹਿਤ ਇੱਕ ਪਹਿਲ ਹੈ।

ਆਈਡੀਆਥੌਨ ਦਾ ਉਦੇਸ਼ ਨੌਜਵਾਨਾਂ ਦੀ ਇਨੋਵੇਟਿਵ ਸੋਚ ਨੂੰ ਅਜਿਹੇ ਹੱਲ ਤਿਆਰ ਕਰਨ ਵਿੱਚ ਪ੍ਰੋਤਸਾਹਿਤ ਕਰਨਾ ਹੈ ਜੋ ਭਾਰਤ ਦੇ ਸਿੱਖਣ, ਨਿਵੇਸ਼ ਕਰਨ ਅਤੇ ਵਿਕਾਸ ਕਰਨ ਦੇ ਤਰੀਕੇ ਵਿਚ ਬਦਲਾਅ ਲਿਆ ਸਕਣ - ਤਾਂ ਜੋ ਬਾਜ਼ਾਰ ਭਾਗੀਦਾਰੀ ਨੂੰ ਵਧੇਰੇ ਜ਼ਿੰਮੇਵਾਰ ਅਤੇ ਸਮਾਵੇਸ਼ੀ ਬਣਾਇਆ ਜਾ ਸਕੇ।

ਡਿਪਾਜ਼ਟਰੀ ਈਕੋਸਿਸਟਮ 21 ਕਰੋੜ ਤੋਂ ਵੱਧ ਨਿਵੇਸ਼ਕ ਡੀਮੈਟ ਖਾਤਿਆਂ ਦੀਆਂ ਸੰਪਤੀਆਂ ਨੂੰ ਸੁਰੱਖਿਅਤ ਕਰਦਾ ਹੈ। ਪ੍ਰਤੀਭੂਤੀਆਂ ਬਾਜ਼ਾਰ ਵਿੱਚ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ ਅਤੇ ਨਾਗਰਿਕਾਂ ਨੂੰ ਇਸ ਵਿਕਾਸ ਕਹਾਣੀ ਤੋਂ ਲਾਭ ਲੈਣ ਤੋਂ ਰੋਕਣ ਵਾਲੀਆਂ ਰੁਕਾਵਟਾਂ ਨੂੰ ਰਣਨੀਤਕ ਤੌਰ 'ਤੇ ਹੱਲ ਕਰਨ ਦੀਆਂ ਅਪਾਰ ਸੰਭਾਵਨਾਵਾਂ ਮੌਜੂਦ ਹਨ।

ਸੇਬੀ ਅਤੇ ਆਰਬੀਆਈ ਵਰਗੇ ਰੈਗੂਲੇਟਰਾਂ ਦੁਆਰਾ ਕੀਤੀਆਂ ਗਈਆਂ ਇਸੇ ਤਰ੍ਹਾਂ ਦੀਆਂ ਪਹਿਲਾਂ 'ਤੇ ਅਧਾਰਿਤ , ਸੀਡੀਐਸਐਲ ਨੌਜਵਾਨ ਨਵੀਨਤਾਕਾਰਾਂ ਨੂੰ ਵਿੱਤੀ ਖੇਤਰ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਲਿਆਉਣ ਲਈ ਆਪਣੇ ਦ੍ਰਿਸ਼ਟੀਕੋਣਾਂ ਦਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨ ਦੇ ਯਤਨਾਂ ਵਿੱਚ ਸ਼ਾਮਲ ਹੋ ਰਿਹਾ ਹੈ। ਇਸ ਪਹਿਲ ਦਾ ਉਦੇਸ਼ ਨਿਵੇਸ਼ਕ ਸਿੱਖਿਆ ਨੂੰ ਵਧਾਵਾ ਦੇ ਕੇ, ਅਤੇ ਵੱਡੇ ਪੱਧਰ 'ਤੇ ਸੂਚਿਤ ਅਤੇ ਜ਼ਿੰਮੇਵਾਰ ਭਾਗੀਦਾਰੀ ਰਾਹੀਂ ਬਾਜ਼ਾਰ ਤੱਕ ਪਹੁੰਚ ਦਾ ਲੋਕਤੰਤਰੀਕਰਨ ਕਰਨ ਦੀ ਕੋਸ਼ਿਸ਼ ਕਰਦੀ ਹੈ। ਭਾਗੀਦਾਰ ਆਪਣੀ ਪਸੰਦ ਦੇ ਸਮਾਧਾਨਾਂ ਦੀ ਵਰਤੋਂ ਕਰਨ ਲਈ ਸੁਤੰਤਰ ਹਨ, ਭਾਵੇਂ ਉਹ ਗੇਮੀਫਿਕੇਸ਼ਨ, ਵਿਵਹਾਰਕ ਪ੍ਰੋਤਸਾਹਨ , ਸੰਚਾਰ, ਡਿਜ਼ਾਈਨ, ਤਕਨਾਲੋਜੀ ਜਾਂ ਭਾਈਚਾਰਕ-ਨਿਰਮਾਣ ਰਾਹੀਂ ਹੋਵੇ। ਸਮਾਧਾਨ ਤਿੰਨ ਮੁੱਖ ਸਿਧਾਂਤਾਂ ਨੂੰ ਦਰਸਾਉਂਦਾ ਹੋਣਾ ਚਾਹੀਦਾ ਹੈ: ਸਸ਼ਕਤੀਕਰਨ, ਸਮਾਵੇਸ਼ਨ ਅਤੇ ਵਿਸ਼ਵਾਸ।

# ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਨੇ ਕੀਤਾ ਪਟਿਆਲਾ ਕੇਂਦਰੀ ਜ਼ੇਲ੍ਹ ਦਾ ਦੌਰਾ

ਪਟਿਆਲਾ, 24 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਪਟਿਆਲਾ ਸ੍ਰੀ ਅਵਤਾਰ ਸਿੰਘ ਅਤੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਅਮਨਦੀਪ ਕੰਬੋਜ ਨੇ ਕੇਂਦਰੀ ਜੇਲ੍ਹ, ਪਟਿਆਲਾ ਦਾ ਦੌਰਾ ਕੀਤਾ। ਇਸ ਦੌਰੇ ਦੌਰਾਨ ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਟਿਆਲਾ, ਸ੍ਰੀ ਅਵਤਾਰ ਸਿੰਘ ਨੇ ਨਿੱਜੀ ਤੌਰ ਤੇ ਹਰੇਕ ਬੈਰਕ ਦਾ ਦੌਰਾ ਕੀਤਾ। ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਹੱਲ ਕਰਨ ਦੀ ਕੋਸ਼ਿਸ਼ ਵਜੋਂ, ਮਾਣਯੋਗ ਜੱਜ ਸਾਹਿਬਾਨ ਨੇ ਉਨ੍ਹਾਂ ਨਾਲ ਸਾਰਥਕ ਗੱਲਬਾਤ ਕੀਤੀ ।ਕੈਦੀਆਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਕੈਦੀਆਂ ਲਈ ਢੁਕਵੀਆਂ ਸਿਹਤ ਅਤੇ ਡਾਕਟਰੀ ਸਹੂਲਤਾਂ ਨੂੰ ਯਕੀਨੀ ਬਣਾਉਣ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਸ ਸੰਬੰਧੀ ਜੇਲ੍ਹ ਅਧਿਕਾਰੀਆਂ ਅਤੇ ਸਟਾਫ ਨੂੰ ਜ਼ਰੂਰੀ ਹਦਾਇਤਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਮੈਡਮ ਅਮਨਦੀਪ ਕੰਬੋਜ ਨੇ ਲੋੜਵੰਦਾਂ ਲਈ ਮੁਫ਼ਤ ਕਾਨੂੰਨੀ ਸਹਾਇਤਾ ਦੀ ਉਪਲਬਧਤਾ ਤੇ ਵੀ ਚਾਨਣਾ ਪਾਇਆ। ਉਨ੍ਹਾਂ ਅੱਗੇ ਦੱਸਿਆ ਕਿ ਸਹਾਇਤਾ ਮੰਗਣ ਵਾਲੇ ਵਿਅਕਤੀ ਪਟਿਆਲਾ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕਰਨ ਲਈ ਨਿੱਜੀ ਤੌਰ ਤੇ ਜਾਂ 0175-2306500 ਤੇ ਫੋਨ ਰਾਹੀਂ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਸਹਾਇਤਾ ਲਈ ਨਾਲਸਾ ਹੈਲਪਲਾਈਨ ਨੰਬਰ 15100 ਤੇ ਸੰਪਰਕ ਕਰਨ ਬਾਰੇ ਜਾਣਕਾਰੀ ਦਿੱਤੀ।

# ਸਿਹਤ ਮੰਤਰੀ ਵੱਲੋਂ ਫੰਡਾਂ ਦੀ ਲਹਿਰ ਨਾਲ ਪਿੰਡਾਂ 'ਚ ਵਿਕਾਸ ਕਾਰਜ ਤੇਜ਼

## ਪੰਜ ਸਾਲ ਗਰੰਟੀ ਵਾਲੀਆਂ ਸੜਕਾਂ ਬਣਾਈਆਂ ਜਾਣਗੀਆਂ : ਡਾ. ਬਲਬੀਰ ਸਿੰਘ

ਪਟਿਆਲਾ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਵਿਕਾਸ ਅਤੇ ਫੰਡਾਂ ਦੀ ਲਹਿਰ ਪ੍ਰੋਗਰਾਮ ਤਹਿਤ ਪਟਿਆਲਾ ਦਿਹਾਤੀ ਦੇ ਵੱਖ-ਵੱਖ ਪਿੰਡਾਂ ਹਰਦਾਸਪੁਰ, ਕਾਲਵਾ, ਨੰਦਪੁਰ ਕੇਸ਼ੋਂ, ਚਲੈਲਾ, ਰੋਹਰਗੜ੍ਹ, ਕਿਸ਼ਨਗੜ੍ਹ, ਰੋਹਟੀ ਖ਼ਾਸ, ਇੱਛੇਵਾਲ ਅਤੇ ਸਿਉਨਾ ਵਿੱਚ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਵਿਕਾਸ ਫੰਡਾਂ ਦੀ ਵੰਡ ਕੀਤੀ। ਇਸ ਮੌਕੇ ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਪਿੰਡਾਂ ਦੇ ਵਸਨੀਕਾਂ ਨੂੰ ਬਿਹਤਰ ਸੁਵਿਧਾਵਾਂ ਤੇ ਨੌਜਵਾਨਾਂ ਲਈ ਨਵੇਂ ਰੋਜ਼ਗਾਰ ਦੇ ਰਸਤੇ ਤਿਆਰ ਕਰਨਾ ਹੈ।

ਡਾ. ਬਲਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਾਰੀ ਕੀਤੇ ਫੰਡਾਂ ਰਾਹੀਂ ਹੁਣ ਇਹਨਾਂ ਪਿੰਡਾਂ ਵਿੱਚ ਕਈ ਮਹੱਤਵਪੂਰਨ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਇਨ੍ਹਾਂ ਵਿੱਚ ਪੰਜ ਸਾਲ ਦੀ ਗਰੰਟੀ ਵਾਲੀਆਂ ਪੱਕੀਆਂ ਸੜਕਾਂ , ਫਿਰਨੀ ਦੇ ਕੰਮ, ਕਮਿਊਨਿਟੀ ਹਾਲ, ਖੇਡ ਮੈਦਾਨ ਅਤੇ ਹੋਰ ਆਧੁਨਿਕ ਢਾਂਚੇ ਦੀ ਨਿਰਮਾਣ ਪ੍ਰਕਿਰਿਆ ਸ਼ਾਮਲ ਹੈ। ਇਹ ਸਹੂਲਤਾਂ ਸਿਰਫ਼ ਪਿੰਡਾਂ ਦੀ ਸੋਭਾ ਹੀ ਨਹੀਂ ਵਧਾਉਣਗੀਆਂ ਸਗੋਂ ਨੌਜਵਾਨ ਪੀੜ੍ਹੀ ਨੂੰ ਖੇਡਾਂ ਅਤੇ ਸਮਾਜਿਕ ਗਤੀਵਿਧੀਆਂ ਲਈ ਵੱਧ ਤੋ ਵੱਧ ਮੌਕੇ ਪ੍ਰਦਾਨ ਕਰਨਗੀਆਂ।

ਉਹਨਾਂ ਕਿਹਾ ਕਿ ਪਿੰਡਾਂ ਦੇ ਕਈ ਥਾਵਾਂ 'ਤੇ ਮੌਜੂਦ ਬੇਕਾਰ ਪਏ ਟੋਭੇ ਹੁਣ ਹਟਾ ਕੇ ਉਨ੍ਹਾਂ ਦੀ ਥਾਂ ਦਰੱਖਤ ਲਗਾਏ ਜਾਣਗੇ, ਤਾਂ ਜੋ ਪਿੰਡਾਂ ਦੀ ਹਵਾ ਅਤੇ ਵਾਤਾਵਰਣ ਹੋਰ ਸੁੰਦਰ ਬਣ ਸਕੇ।

ਸਿਹਤ ਮੰਤਰੀ ਨੇ ਦੱਸਿਆ ਕਿ ਬਹੁਤ ਜਲਦ ਪਿੰਡਾਂ ਵਿੱਚ ਈ-ਰਿਕਸ਼ਾ ਸਰਵਿਸ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਪਹਿਲ ਨਾਲ ਇੱਕ ਪਾਸੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਤਿਆਰ ਹੋਣਗੇ, ਦੂਜੇ ਪਾਸੇ ਪਿੰਡ ਵਾਸੀਆਂ, ਖ਼ਾਸ ਕਰਕੇ ਬਜ਼ੁਰਗਾਂ, ਵਿਦਿਆਰਥੀਆਂ ਅਤੇ ਮਹਿਲਾਵਾਂ ਨੂੰ ਆਵਾਜਾਈ ਸੁਵਿਧਾ ਪ੍ਰਾਪਤ ਹੋਵੇਗੀ।

ਇਸ ਮੌਕੇ ਸਿਹਤ ਮੰਤਰੀ ਨੇ ਪਿੰਡਾਂ ਦੀਆਂ ਮਹਿਲਾਵਾਂ ਲਈ ਵੀ ਖ਼ਾਸ ਐਲਾਨ ਕੀਤਾ। ਉਹਨਾਂ ਦੱਸਿਆ ਕਿ ਹੁਣ ਬੀਬੀਆਂ ਅਤੇ ਭੈਣਾਂ ਨੂੰ ਸੈਲਫ ਹੈਲਪ ਗਰੁੱਪਾਂ ਰਾਹੀਂ ਹੋਰ ਵਧੇਰੇ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾਣਗੇ। ਓਹਨਾ ਕਿਹਾ ਕਿ ਸਰਕਾਰ ਦਾ ਉਦੇਸ਼ ਹੈ ਕਿ ਹਰ ਪਿੰਡ ਦੀ ਮਹਿਲਾ ਘਰੇਲੂ ਉਦਯੋਗਾਂ ਰਾਹੀਂ ਮਜ਼ਬੂਤ ਅਤੇ ਆਤਮਨਿਰਭਰ ਬਣੇ।

ਇਸ ਤੋਂ ਇਲਾਵਾ, ਡਾ. ਬਲਬੀਰ ਸਿੰਘ ਨੇ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 23, 24 ਅਤੇ 25 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਕੱਠੇ ਹੋ ਕੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਦਿਨ ਨੂੰ ਸਮਰਪਿਤ ਸਮਾਗਮਾਂ ਵਿੱਚ ਵੱਧ ਤੋਂ ਵੱਧ ਸਮੂਲੀਅਤ ਕਰਨ ।

# ਰਾਜਿੰਦਰ ਵਿਰਕ ਦੀ ਅਗਵਾਈ 'ਚ ਸਨੌਰ ਵਾਸੀਆਂ ਨੇ ਇਤਿਹਾਸਕ ਨਗਰ ਕੀਰਤਨ ਦਾ ਕੀਤਾ ਨਿੱਘਾ ਸਵਾਗਤ

ਸਨੌਰ,24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਸਨੌਰ ਹਲਕੇ ਦੇ ਲੋਕਾਂ ਨੇ ਆਸਾਮ ਦੇ ਧੋਬੜੀ ਤੋਂ ਆਰੰਭ ਹੋ ਕੇ ਇਥੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਪਹੁੰਚੇ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਰਾਜਿੰਦਰ ਸਿੰਘ ਵਿਰਕ ਦੇ ਨਾਲ ਸਨੌਰ ਹਲਕੇ ਦੇ ਪ੍ਰਮੁੱਖ ਆਗੂ ਵੀ ਹਾਜ਼ਰ ਸਨ। ਰਾਜਿੰਦਰ ਵਿਰਕ ਦੀ ਅਗਵਾਈ ਹੇਠ ਸੰਗਤਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਪੰਜ ਪਿਆਰਿਆਂ ਤੇ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਬਖਸ਼ਿਸ਼ ਕਰ ਕੇ ਸਨਮਾਨਤ ਕੀਤਾ।

ਇਸ ਮੌਕੇ ਰਾਜਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਇਸ ਨਗਰ ਕੀਰਤਨ ਵਿਚ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਹਾਜ਼ਰੀ ਭਰੀ ਅਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਓਟ ਆਸਰਾ ਲਿਆ। ਇਸ ਰੂਹਾਨੀ ਯਾਤਰਾ ਨੇ ਸਾਰੇ ਇਲਾਕੇ ਦਾ ਮਾਹੌਲ ਚੜ੍ਹਦੀਕਲਾ ਨਾਲ ਭਰ ਦਿੱਤਾ। ਉਹਨਾਂ ਕਿਹਾ ਕਿ ਅਸੀਂ ਸਾਰੇ ਵਡਭਾਗੇ ਹਾਂ ਕਿ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਪਰਮ ਸੇਵਕ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮਨਾਉਣ ਦਾ ਮੌਕਾ ਮਿਲਿਆ ਹੈ। ਉਹਨਾਂ ਕਿਹਾ ਕਿ ਇਹ ਗੁਰੂ ਸਾਹਿਬ ਤੇ ਉਹਨਾਂ ਦੇ ਅਨਿੰਨ ਸੇਵਕਾਂ ਦੀ ਸ਼ਹਾਦਤ ਹੀ ਹੈ ਜਿਸਦੀ ਬਦੌਲਤ ਭਾਰਤ ਦਾ ਮੌਜੂਦਾ ਸਰੂਪ ਕਾਇਮ ਹੈ। ਉਹਨਾਂ ਕਿਹਾ ਕਿ ਮਸ਼ਹੂਰ ਕਵੀ ਨੇ ਵੀ ਆਪਣੀ ਰਚਨਾ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਸ਼ਹਾਦਤ ਨਾ ਦਿੰਦੇ ਤਾਂ ਭਾਰਤ ਦਾ ਸਰੂਪ ਅੱਜ ਕੁਝ ਹੋਰ ਹੀ ਹੋਣਾ ਸੀ।

ਉਹਨਾਂ ਕਿਹਾ ਕਿ ਗੁਰੂ ਸਾਹਿਬ ਨੇ ਸਾਨੂੰ ਗੁਰਬਾਣੀ ਦੇ ਲੜ ਲਾਇਆ ਅਤੇ ਸਾਨੂੰ ਚੜ੍ਹਦੀਕਲਾ ਦਾ ਸੰਦੇਸ਼ ਦਿੱਤਾ ਤੇ ਅੱਜ ਸਮੁੱਚੀ ਸਿੱਖ ਕੌਮ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚਲਦਿਆਂ ਹੀ ਗੁਰੂ ਦੇ ਲੜ ਲੱਗ ਕੇ ਦੇਸ਼ ਤੇ ਦੁਨੀਆਂ ਦੀ ਸੇਵਾ ਕਰ ਰਹੀ ਹੈ।

ਇਸ ਮੌਕੇ ਅਵਤਾਰ ਸਿੰਘ ਹੈਡ ਗ੍ਰੰਥੀ , ਮਨਜੀਤ ਸਿੰਘ ਮੈਨੇਜਰ ਸਾਹਿਬ ਗੁਰਦੁਆਰਾ ਸਾਹਿਬ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਬਹਾਦਰਗੜ੍ਹ, ਹਰਪ੍ਰੀਤ ਕੌਰ ਮੁਖਮੇਲਪੁਰ ਸਾਬਕਾ ਐਮਐਲਏ, ਫੌਜਇੰਦਰ ਸਿੰਘ ਮੁਖਮੇਲਪੁਰ, ਡਾ ਮਨਪ੍ਰੀਤ ਸਿੰਘ ਚੱਢਾ, ਦਵਿੰਦਰ ਸਿੰਘ ਸਰਾਂ, ਸੁਖਵਿੰਦਰ ਸਿੰਘ ਜੋਨੀ, ਜਸਕਰਨ ਸਿੰਘ, ਅਮਰੀਕ ਸਿੰਘ ਕੌਲੀ, ਗੁਰਚਰਨ ਸਿੰਘ ਕੌਲੀ, ਸੁਖਵਿੰਦਰ ਸਿੰਘ ਮਹਿਮੂਦਪੁਰ ,ਮੇਵਾ ਸਿੰਘ ਵਿਰਕ ਕਲੋਨੀ ,ਇੰਦਰਜੀਤ ਸਿੰਘ ਆਜ਼ਾਦ ਨਗਰ ਅਤੇ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਸੰਗਤ ਦਰਸ਼ਨ ਵਾਸਤੇ ਹਾਜ਼ਰ ਸੀ।

# ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਸਰਹੱਦੀ ਰਾਜ 'ਚ ਵੱਡਾ ਆਤੰਕੀ ਹਮਲਾ ਟਾਲਿਆ: ਕਮਿਸ਼ਨਰ ਪੁਲਿਸ ਸਵਪਨ ਸ਼ਰਮਾ



ਲੁਧਿਆਣਾ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਮਿਸ਼ਨਰੇਟ ਪੁਲਿਸ ਨੇ ਪਾਕ-ISI ਸਮਰਥਿਤ ਇਕ ਵੱਡੇ ਗੈਂਗਸਟਰ-ਟੈਰਰ ਮੋਡੀਊਲ ਨੂੰ ਨਿਸ਼ਾਨਾਬੰਨਦ ਕਰਦੇ ਹੋਏ ਸਰਹੱਦੀ ਰਾਜ ਵਿੱਚ ਵੱਡਾ ਆਤੰਕੀ ਹਮਲਾ ਟਾਲ ਦਿੱਤਾ ਹੈ। ਲਾਡੋਵਾਲ ਖੇਤਰ ਵਿੱਚ ਹੋਏ ਮੁਕਾਬਲੇ ਵਿੱਚ ਦੋ ਦੋਸ਼ੀ —ਦੀਪਕ ਉਰਫ਼ ਦੀਪੂ ਅਤੇ ਰਾਮ ਲਾਲ— ਜ਼ਖਮੀ ਹਾਲਤ ਵਿੱਚ ਕਾਬੂ ਕੀਤੇ ਗਏ, ਜੋ ਪਾਕਿਸਤਾਨ-ਅਧਾਰਤ ਹੈਂਡਲਰ ਜਸਵੀਰ ਉਰਫ਼ ਚੌਧਰੀ ਵੱਲੋਂ ਗ੍ਰਨੇਡ ਹਮਲਾ ਕਰਨ ਲਈ ਭੇਜੇ ਗਏ ਸਨ। ਕਮਿਸ਼ਨਰ ਪੁਲਿਸ ਸ਼੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪਾਕ-ਅਧਾਰਤ ਹੈਂਡਲਰ ਹੋਰ ਰਾਜਾਂ ਦੇ ਅਪਰਾਧੀਆਂ ਨੂੰ ਪੰਜਾਬ ਵਿੱਚ ਅੱਤਵਾਦੀ ਕਾਰਵਾਈਆਂ ਲਈ ਵਰਤ ਰਹੇ ਹਨ, ਜੋ ਇੱਕ ਨਵਾਂ ਅਤੇ ਖਤਰਨਾਕ ਰੁਝਾਨ ਹੈ।

ਕੁਝ ਦਿਨ ਪਹਿਲਾਂ ਕਾਊਂਟਰ ਇੰਟੈਲੀਜੈਂਸ ਨਾਲ ਮਿਲੀ ਕਾਰਵਾਈ ਵਿੱਚ ਤਿੰਨ ਹੋਰ ਦੋਸ਼ੀ— ਫਿਰੋਜ਼ਪੁਰ ਦੇ ਸ਼ਮਸ਼ੇਰ ਸਿੰਘ, ਹਰਿਆਣਾ ਦੇ ਅਜੇ ਅਤੇ ਬਿਹਾਰ ਦੇ ਹਰਸ਼ ਓਝਾ— ਨੂੰ ਗਿਰਫ਼ਤਾਰ ਕਰਕੇ ਮੋਡੀਊਲ ਦਾ ਤੋੜ ਕੀਤਾ ਗਿਆ ਸੀ। ਕੁੱਲ ਪੰਜ ਦੋਸ਼ੀਆਂ ਤੋਂ ਦੋ HFP ਚੀਨੀ ਗ੍ਰਨੇਡ, ਪੰਜ .30 ਬੋਰ ਪਿਸਤੌਲ ਅਤੇ 40+ ਜ਼ਿੰਦਾ ਰੌਂਦ ਬਰਾਮਦ ਕੀਤੇ ਗਏ। ਜਾਂਚ ਦੌਰਾਨ ਖੁਲਾਸਾ ਹੋਇਆ ਕਿ ਇਹ ਮੋਡੀਊਲ ਲੌਰੈਂਸ ਬਿਸ਼ਨੋਈ ਗੈਂਗ ਨਾਲ ਜੁੜਿਆ ਹੈ ਅਤੇ ਪੰਜਾਬ ਵਿੱਚ ਸਰਕਾਰੀ ਇਮਾਰਤਾਂ ਤੇ ਸੰਵੇਦਨਸ਼ੀਲ ਥਾਵਾਂ 'ਤੇ ਗ੍ਰਨੇਡ ਹਮਲੇ ਦੀ ਯੋਜਨਾ ਬਣਾਈ ਹੋਈ ਸੀ। ਹਾਲ ਵਿੱਚ ਪੁਲਿਸ ਨੇ ਪਾਕ-ISI ਬੈਕਡ ਇੱਕ ਹੋਰ ਗ੍ਰਨੇਡ ਮੋਡੀਊਲ ਦਾ ਵੀ ਭੰਡਾਫੋੜ ਕੀਤਾ ਸੀ ਜਿਸ ਵਿੱਚ 10 ਦੋਸ਼ੀ ਗਿਰਫ਼ਤਾਰ ਹੋਏ ਸਨ। ਇਸ ਮਾਮਲੇ ਵਿੱਚ ਦੋ ਵੱਖ-ਵੱਖ FIR ਦਰਜ ਕੀਤੀਆਂ ਗਈਆਂ ਹਨ। FIR ਨੰਬਰ 199 (17.11.2025) — ਧਾਰਾ 3, 4, 5 ਐਕਸਪਲੋਸਿਵ ਐਕਟ, ਧਾਰਾ 25 ਆਰਮਜ਼ ਐਕਟ, ਧਾਰਾ 113 BNS (ਥਾਣਾ ਜੋਧੇਵਾਲ) FIR ਨੰਬਰ 114 (20.11.2025) — ਧਾਰਾ 109, 132, 324(4), 3(5) BNS ਅਤੇ ਧਾਰਾ 25 ਆਰਮਜ਼ ਐਕਟ (ਥਾਣਾ ਲਧੋਵਾਲ) ਹਾਲੇ ਪੁਲਿਸ ਦੀ ਜਾਂਚ ਜਾਰੀ ਹੈ।

# ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ 5 ਕਿਲੋਮੀਟਰ ਦੌੜ ਦਾ ਪੋਸਟਰ ਡੀ ਐਸ ਪੀ ਦਿਹਾਤੀ ਨੇ ਕੀਤਾ ਜਾਰੀ




ਪਟਿਆਲਾ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜਿਲੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਹੇਠ ਕਰਵਾਈ ਜਾ ਰਹੀ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਅਤੇ ਸੰਵਿਧਾਨ ਦਿਵਸ ਨੂੰ ਸਮਰਪਿਤ 5 ਕਿਲੋਮੀਟਰ ਦੌੜ ਦਾ ਪੋਸਟਰ ਡੀ ਐਸ ਪੀ ਦਿਹਾਤੀ ਪਟਿਆਲਾ ਜੀ ਨੇ ਜਾਰੀ ਕੀਤਾ।ਇਸ ਸਮੇਂ ਗਵਰਨਰ ਅਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਸਟੇਟ ਅਵਾਰਡੀ ਪਰਮਿੰਦਰ ਭਲਵਾਨ ਨਸ਼ਾ ਮੁਕਤ ਭਾਰਤ ਅਭਿਆਨ ਗੁਰਵਿੰਦਰ ਸੰਧੂ ਨੇ ਸਿਰਕਤ ਕੀਤੀ ਇਸ ਮੋਕੇ ਪੋਸਟਰ ਜਾਰੀ ਕਰਦਿਆ ਡੀ ਐਸ ਪੀ ਦਿਹਾਤੀ ਹਰਸਿਮਰਨ ਸਿੰਘ ਨੇ ਕਿਹਾ ਕਿ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਵਲੋ ਪੰਜਵੀ ਯੁੱਧ ਨਸ਼ਿਆ ਵਿਰੁੱਧ ਕਰਵਾਈ ਜਾ ਰਹੀ 5 ਕਿਲੋਮੀਟਰ ਦੌੜ ਸੰਵਿਧਾਨ ਦਿਵਸ ਨੂੰ ਸਮਰਪਿਤ ਵਿੱਚ ਹਰ ਪਟਿਆਲਵੀ, ਨੋਜਵਾਨ,ਇਸਤ੍ਰੀ,ਬੱਚੇ, ਹਰ ਵਰਗ,ਹਰ ਉਮਰ ਦਾ ਇਨਸਾਨ ਵੱਧ ਚੜ੍ਹਕੇ ਭਾਗ ਲਵੇ। ਉਹਨਾ ਕਿਹਾ ਤਾਹੀ ਨਸ਼ਿਆ ਤੋ ਦੂਰ ਰਹਿ ਸਕਦੇ ਹਨ।ਇਸ ਮੋਕੇ ਪ੍ਰਧਾਨ ਉਪਕਾਰ ਸਿੰਘ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਨੇ ਦੱਸਿਆ ਕੀ ਯੁੱਧ ਨਸ਼ਿਆ ਵਿਰੁੱਧ,ਸੰਵਿਧਾਨ ਦਿਵਸ ਨੂੰ ਸਮਰਪਿਤ 5 ਕਿਲੋਮੀਟਰ ਦੌੜ ਵਿੱਚ ਭਾਗ ਲੈਣ ਵਾਲੇ ਜੇਤੂ ਨੂੰ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ।ਉਨ੍ਹਾ ਦੱਸਿਆ ਪਿਛਲੇ ਸਾਲਾ ਤੋ ਅਸੀ ਜਤਵਿੰਦਰ ਗਰੇਵਾਲ, ਪਰਮਿੰਦਰ ਭਲਵਾਨ, ਰੂਪਿੰਦਰ ਕੋਰ, ਨਾਲ ਸਕੂਲਾ ਕਾਲਜਾ, ਪਿੰਡਾ,ਸਹਿਰ ਵਿੱਚ ਨਸ਼ਿਆ ਵਿਰੁੱਧ ਜਾਗਰੂਕ ਮੁਹਿੰਮ ਚਲਾਈ ਹੋਈ ਹੈ।ਇਸ ਵਿੱਚ ਪਟਿਆਲਾ ਪੁਲਿਸ ਦਾ ਸਾਨੂੰ ਪੂਰਨ ਸਹਿਯੋਗ ਮਿਲ ਰਹਾ ਹੈ।ਸਾਡੇ ਮੁੱਖ ਮੰਤਰੀ ਸਾਹਿਬ ਦਾ ਸੁਪਨਾ ਰੰਗਲਾ ਪੰਜਾਬ ਬਣਾਉਣ ਹੈ।ਨਸ਼ਾ ਪੰਜਾਬ ਵਿਚੋ ਖਤਮ ਕਰਨਾ ਹੈ।

# ਅੰਮ੍ਰਿਤਪਾਲ ਸਿੰਘ ਦੀ ਮਾਤਾ ਨੂੰ ਕੈਨੇਡਾ ਜਾਣ ਤੋਂ ਰੋਕਿਆ

ਚੰਡੀਗੜ੍ਹ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੂੰ ਅੱਜ ਦਿੱਲੀ ਦੇ ਹਵਾਈ ਅੱਡੇ 'ਤੇ ਰੋਕ ਲਿਆ ਗਿਆ ਜਿਸ ਕਰਕੇ ਉਹ ਕੈਨੇਡਾ ਨਹੀਂ ਜਾ ਸਕੇ। ਬਲਵਿੰਦਰ ਕੌਰ ਅੱਜ ਦੁਪਹਿਰ 12 ਵਜੇ ਦਿੱਲੀ ਹਵਾਈ ਅੱਡੇ 'ਤੇ ਪੁੱਜੇ ਜਿੱਥੋਂ ਉਨ੍ਹਾਂ ਨੇ ਕੈਨੇਡਾ ਲਈ ਰਵਾਨਾ ਹੋਣਾ ਸੀ ਪ੍ਰੰਤੂ ਏਅਰਪੋਰਟ ਅਥਾਰਿਟੀ ਨੇ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਹੀ ਰੋਕ ਲਿਆ। ਬਲਵਿੰਦਰ ਕੌਰ ਦੀ ਬੇਟੀ ਐਡਮਿੰਟਨ 'ਚ ਰਹਿ ਰਹੀ ਹੈ ਜਿਸ ਦੇ ਘਰ ਪੁੱਤਰ ਨੇ ਜਨਮ ਲਿਆ ਹੈ। ਉਹ ਦੋਹਤੇ ਨੂੰ ਦੇਖਣ ਲਈ ਹੀ ਕੈਨੇਡਾ ਜਾ ਰਹੇ ਸਨ।

# 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਵਿਸ਼ਾਲ ਨਗਰ ਕੀਰਤਨ ਦੁਖ ਨਿਵਾਰਨ ਸਾਹਿਬ ਵਿਖੇ ਅੱਜ

ਲੁਧਿਆਣਾ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਧੰਨ ਧੰਨ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸਮਾਗਮ 25 ਨਵੰਬਰ ਨੂੰ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਗੁਰਪ੍ਰੀਤ ਸਿੰਘ ਵਿੰਕਲ ਨੇ ਸਾਂਝੀ ਕਰਦਿਆਂ ਦੱਸੀ। ਉਨ੍ਹਾਂ ਦੱਸਿਆ ਕਿ 22 ਨਵੰਬਰ ਨੂੰ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸਜਾਇਆ ਜਾਵੇਗਾ, ਜਿਸ ਵਿੱਚ ਗਿਆਨ ਸਥੱਲ ਮੰਦਰ ਦੇ ਪ੍ਰਧਾਨ ਪ੍ਰਬੀਨ ਬਜਾਜ ਅਤੇ ਸਮੂਹ ਕਮੇਟੀ ਵੱਲੋਂ ਵਿਸ਼ੇਸ਼ ਯੋਗਦਾਨ ਪਾਇਆ ਜਾਵੇਗਾ।

ਨਗਰ ਕੀਰਤਨ ਵਿੱਚ ਸ਼ਬਦ ਕੀਰਤਨੀ ਜੱਥੇ, ਇਸਤਰੀ ਸਤਸੰਗ ਸਮੂਹ, ਗਤਕਾ ਪਾਰਟੀਆਂ ਅਤੇ ਹਰ ਧਰਮ ਦੀ ਸੰਗਤ ਹਾਜ਼ਰੀ ਭਰੇਗੀ। ਨਗਰ ਕੀਰਤਨ ਸ਼ਹਿਰ ਦੇ ਪਰੰਪਰਾਗਤ ਰੂਟਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿੱਚ ਸਮਾਪਤ ਹੋਵੇਗਾ। ਸੰਗਤਾਂ ਵੱਲੋਂ ਪੂਰੇ ਰੂਟ ਤੇ ਵੱਖ-ਵੱਖ ਲੰਗਰਾਂ ਦੇ ਪ੍ਰਬੰਧ ਕੀਤੇ ਗਏ ਹਨ। ਸੇਵਾਦਾਰਾਂ ਨੇ ਸਮੂਹ ਸਮਾਜ ਨੂੰ ਨਗਰ ਕੀਰਤਨ ਵਿਚ ਭਾਗ ਲੈਣ ਦੀ ਅਪੀਲ ਕੀਤੀ।

ਇਸ ਮੌਕੇ ਰਵਿੰਦਰ ਸਿੰਘ ਟੋਨੀ, ਜਸਵਿੰਦਰ ਸਿੰਘ, ਵਰਿੰਦਰ ਸਿੰਘ, ਇੰਦਰਜੀਤ ਸਿੰਘ ਬਬਲੂ, ਗੁਰਿੰਦਰ ਪਾਲ ਸਿੰਘ ਸੱਨੀ, ਸਰਬਜੀਤ ਸਿੰਘ ਨਰੂਲਾ, ਜਗਜੀਤ ਸਿੰਘ ਸਿੱਬਲ, ਕੁਲਦੀਪ ਸਿੰਘ, ਰਾਜ ਕੁਮਾਰ ਵਰਮਾ, ਰਮੇਸ਼ ਗੁੰਬਰ, ਸ਼ਾਮਲਾਲ ਕਪੂਰ, ਡਾ. ਮਨੋਜ ਕਾਲੜਾ, ਸਰਬਜੀਤ ਸਿੰਘ ਛਾਪਾ ਅਤੇ ਬਲਵਿੰਦਰ ਸਿੰਘ ਭੁੱਲਰ ਹਾਜ਼ਰ ਸਨ।

# ਲਾਈਨਜ਼ ਇੰਟਰਨੈਸ਼ਨਲ ਨੇ ਸਵੱਛਤਾ ਮੁਹਿੰਮ ਦੀ ਸ਼ੁਰੂਆਤ ਕੀਤੀ




ਪਟਿਆਲਾ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਲਾਈਨਜ਼ ਇੰਟਰਨੈਸ਼ਨਲ ਦੇ ਛੇ ਲਾਈਨਜ਼ ਕਲੱਬਾਂ, ਜਿਨ੍ਹਾਂ ਵਿੱਚ ਲਾਈਨਜ਼ ਕਲੱਬ ਪਟਿਆਲਾ ਨਿਊ ਸੈਂਟਰਲ, ਪਟਿਆਲਾ ਵਿਸ਼ਾਲ, ਪਟਿਆਲਾ ਕਲਾਸਿਕ, ਪਟਿਆਲਾ ਸੁਪਰੀਮ, ਪਟਿਆਲਾ ਫੋਰਟ ਅਤੇ ਪਟਿਆਲਾ ਪ੍ਰੀਮੀਅਰ ਸ਼ਾਮਲ ਹਨ, ਨੇ ਸਰਕਾਰੀ ਪੌਲੀਟੈਕਨਿਕ ਐਸ ਐਸ ਟੀ ਨਗਰ ਵਿੱਚ ਇੱਕ ਸਫਾਈ ਮੁਹਿੰਮ ਦਾ ਆਯੋਜਨ ਕੀਤਾ।

ਪ੍ਰੋਜੈਕਟ ਡਾਇਰੈਕਟਰ ਸੋਹਿੰਦਰ ਕਾਂਸਲ ਨੇ ਦੱਸਿਆ ਕਿ ਮੁੱਖ ਮਹਿਮਾਨ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਮੇਘਚੰਦ ਸ਼ੇਰਮਾਜਰਾ ਇਸ ਸਮਾਗਮ ਵਿੱਚ ਸ਼ਾਮਲ ਹੋਏ। ਪ੍ਰੋਜੈਕਟ ਇੰਚਾਰਜ ਐਸ.ਕੇ. ਗੋਇਲ ਅਤੇ ਇੰਜੀਨੀਅਰ ਨਰਿੰਦਰ ਸਿੰਘ ਨੇ ਇੰਪਰੂਵਮੈਂਟ ਟਰੱਸਟ ਦੇ ਸਟਾਫ ਦੇ ਨਾਲ, ਪੌਲੀਟੈਕਨਿਕ ਕਾਲਜ ਦੇ ਲਗਭਗ 200 ਐਨ ਐਸ ਐਸ/ਐਨ ਸੀ ਸੀ ਕੈਡਿਟਾਂ ਦੀ ਸਹਾਇਤਾ ਨਾਲ, ਪੌਲੀਟੈਕਨਿਕ ਕਾਲਜ ਰੋਡ ਦੀ ਸਫਾਈ ਕੀਤੀ, ਦੋ ਫੁੱਟ ਲੰਬੇ ਚਿੱਟੇ ਕਲੀਆਂ ਨਾਲ ਰੁੱਖਾਂ ਨੂੰ ਪੇਂਟ ਕੀਤਾ, ਅਤੇ ਪਲਾਸਟਿਕ ਦਾ ਕੂੜਾ ਅਤੇ ਖਿੰਡੇ ਹੋਏ ਕਾਗਜ਼ ਇਕੱਠੇ ਕੀਤੇ। ਫੁੱਟਪਾਥ 'ਤੇ ਘਾਹ ਦੀ ਵੀ ਸਫਾਈ ਕੀਤੀ ਗਈ। ਮੁੱਖ ਮਹਿਮਾਨ ਨੇ ਦੱਸਿਆ ਕਿ ਲਾਈਨਜ਼ ਇੰਟਰਨੈਸ਼ਨਲ ਨਿਯਮਿਤ ਤੌਰ 'ਤੇ ਭਾਈਚਾਰੇ ਲਈ ਅਜਿਹੇ ਪ੍ਰੋਗਰਾਮ ਆਯੋਜਿਤ ਕਰਦਾ ਹੈ। ਕਾਲਜ ਦੇ ਵਿਦਿਆਰਥੀਆਂ ਨੇ ਸਫਾਈ ਲਈ ਬਹੁਤ ਉਤਸ਼ਾਹ ਦਿਖਾਇਆ। ਐਨ ਸੀ ਸੀ ਅਤੇ ਐਨ ਐਸ ਐਸ ਇੰਚਾਰਜ ਹਰਪ੍ਰੀਤ ਪਾਲ ਸਿੰਘ ਅਤੇ ਮੈਡਮ ਮੋਨਿਕਾ ਵਾਲੀਆ ਨੇ ਬੱਚਿਆਂ ਦੀ ਨਿਗਰਾਨੀ ਕੀਤੀ।

ਲੋਇਨ ਕਲੱਬ ਪਟਿਆਲਾ ਨਿਊ ਸੈਂਟਰਲ ਪਟਿਆਲਾ ਦੇ ਪ੍ਰਧਾਨ ਹਰਮੇਸ ਸਿੰਗਲਾ, ਜ਼ੋਂਡਸੀ ਡਾ. ਅਨਿਲ ਕਪੂਰ, ਜ਼ੋਂਡਸੀ ਅਨਿਲ ਮਹਿਤਾ, ਸ਼ਵਿੰਦਰ ਧਨੰਜੈ, ਐਸ ਕੇ ਕੋਸਰ, ਆਰ ਐਸ ਬੇਦੀ, ਕੇ ਕੇ ਬਾਂਸਲ, ਪਵਨ ਗੁਪਤਾ, ਸੁਭਾਸ਼ ਗੁਪਤਾ, ਧੀਰੇਂਦਰ ਮਿੱਤਲ, ਸੁਰੇਸ਼ ਗਰਗ, ਧਰਮਪਾਲ ਗਰਗ, ਗਗਨ ਗੋਇਲ, ਅਨਿਲ ਜੈਨ, ਰਣਬੀਰ ਕੁਮਾਰ, ਟੀ ਐਨ ਸ਼ਰਮਾ, ਰਾਕੇਸ਼ ਮਿੱਤਲ, ਅਤੇ ਹੋਰ ਬਹੁਤ ਸਾਰੇ ਮੈਂਬਰਾਂ ਨੇ ਹਿੱਸਾ ਲਿਆ। ਬੱਚਿਆਂ ਦੇ ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀ ਜਾਂਚ ਕੀਤੀ ਗਈ। ਪ੍ਰਿੰਸੀਪਲ ਇੰਜੀਨੀਅਰ ਜਗਦੇਵ ਸਿੰਘ ਕਾਲੇਕੇ ਅਤੇ ਮੁੱਖ ਮਹਿਮਾਨ ਨੇ ਲਾਇਨ ਇੰਟਰਨੈਸ਼ਨਲ ਵੱਲੋਂ ਸਫਾਈ ਮੁਹਿੰਮ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤੇ। ਅੰਤ ਵਿੱਚ, ਸੋਹਿੰਦਰ ਕਾਂਸਲ ਨੇ ਹਾਜ਼ਰ ਸਾਰੇ , ਲਾਇਨ ਮੈਂਬਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਹੋਈ ਏਕਤਾ ਭਾਈ ਕੰਵਰ ਚੜ੍ਹਤ ਸਿੰਘ ਮੁੜ ਬਣੇ ਪ੍ਰਧਾਨ

ਅੰਮ੍ਰਿਤਸਰ, 24 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼ਹੀਦਾਂ ਦੀ ਕੁਰਬਾਨੀ ਨਾਲ ਸਿੰਝੀ ਹੋਈ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਬੀਤੇ ਸਮੇਂ ਤੋਂ ਚੱਲ ਰਹੀ ਵੰਡ ਹੁਣ ਸਮਾਪਤ ਹੋ ਗਈ ਹੈ। ਫੈਡਰੇਸ਼ਨ ਹੋਈ ਏਕਤਾ ਨਾਲ ਸਾਬਕਾ ਪ੍ਰਧਾਨ ਭਾਈ ਕੰਵਰ ਚੜ੍ਹਤ ਸਿੰਘ ਨੂੰ ਮੁੜ ਸਾਂਝਾ ਪ੍ਰਧਾਨ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਐਲਾਨ ਅੱਜ ਸਾਬਕਾ ਪ੍ਰਧਾਨ ਅਤੇ ਸੀਨੀਅਰ ਅਕਾਲੀ ਆਗੂ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਕੀਤਾ ਗਿਆ।

ਪੀਰ ਮੁਹੰਮਦ ਨੇ ਦੱਸਿਆ ਕਿ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਦੇ ਸਰੀਰਕ ਵਿਛੋੜੇ ਤੋਂ ਬਾਅਦ ਫੈਡਰੇਸ਼ਨ ਨੇ ਨਵਾਂ ਪ੍ਰਧਾਨ ਨਿਯੁਕਤ ਨਹੀਂ ਕੀਤਾ ਸੀ। ਹੁਣ ਦਸ ਮੈਂਬਰੀ ਸੁਪਰੀਮ ਕੌਂਸਲ ਦੀ ਮੀਟਿੰਗ ਵਿੱਚ ਪੂਰੀ ਏਕਤਾ ਲਈ ਸਹਿਮਤੀ ਨਾਲ ਭਾਈ ਕੰਵਰ ਚੜ੍ਹਤ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ ਹੈ।ਉਹਨਾਂ ਕਿਹਾ ਕਿ ਫੈਡਰੇਸ਼ਨ ਨੇ ਹਮੇਸ਼ਾ ਪੰਥਕ ਤੇ ਸਮਾਜਕ ਮੁੱਦਿਆਂ 'ਤੇ ਸਰਗਰਮ ਭੂਮਿਕਾ ਨਿਭਾਈ ਹੈ— ਕਿਸਾਨ ਸੰਘਰਸ਼, ਹੜ ਪ੍ਰਭਾਵਿਤ ਇਲਾਕਿਆਂ ਦੀ ਸਹਾਇਤਾ, ਵਿਦਿਆਰਥੀ ਹੱਕਾਂ ਲਈ ਲੜਾਈ ਆਦਿ ਵਿੱਚ ਫੈਡਰੇਸ਼ਨ ਦੇ ਨੌਜਵਾਨ ਹਮੇਸ਼ਾ ਅਗਵਾਈ ਕਰਦੇ ਰਹੇ ਹਨ।ਭਾਈ ਕੰਵਰ ਚੜ੍ਹਤ ਸਿੰਘ ਦੀ ਪ੍ਰਧਾਨਗੀ ਹੇਠ ਸੁਪਰੀਮ ਐਡਵਾਇਜ਼ਰੀ ਕੌਂਸਲ ਦਾ ਵੀ ਗਠਨ ਕੀਤਾ ਗਿਆ ਹੈ, ਜਿਸ ਵਿੱਚ ਦੇਸ਼-ਵਿਦੇਸ਼ ਤੋਂ 21 ਮੈਂਬਰ ਸ਼ਾਮਲ ਹਨ, ਜਿਵੇਂ ਕਿ ਕੰਵਲਜੀਤ ਸਿੰਘ ਬਿੱਟਾ (ਕੀਨੀਆ), ਅਰਸ਼ਦੀਪ ਸਿੰਘ ਮਾਨ (ਕਨੇਡਾ), ਫਤਿਹ ਸਿੰਘ (ਨਿਊਜ਼ੀਲੈਂਡ), ਤੇ ਭਾਈ ਅਮਰੀਕ ਸਿੰਘ ਭੈਲ (ਆਸਟ੍ਰੇਲੀਆ) ਆਦਿ।ਸਾਬਕਾ ਪ੍ਰਧਾਨ ਭਾਈ ਮਨਜੀਤ ਸਿੰਘ ਤੇ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਫੈਡਰੇਸ਼ਨ ਦਾ ਸਰਪ੍ਰਸਤ ਘੋਸ਼ਿਤ ਕੀਤਾ ਗਿਆ ਹੈ, ਤਾਂ ਜੋ ਜਥੇਬੰਦੀ ਉਹਨਾਂ ਦੇ ਤਜਰਬੇ ਦਾ ਲਾਭ ਲੈ ਸਕੇ। ਆਉਣ ਵਾਲੇ ਦਿਨਾਂ ਵਿੱਚ ਪੂਰਾ ਜਥੇਬੰਦਕ ਢਾਂਚਾ ਐਲਾਨਿਆ ਜਾਵੇਗਾ।ਭਾਈ ਕੰਵਰ ਚੜ੍ਹਤ ਸਿੰਘ ਨੇ ਐਲਾਨ ਕੀਤਾ ਕਿ 14 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਅਰਦਾਸ ਕਰਕੇ ਧਰਮ ਪਰਿਵਰਤਨ ਵਿਰੁੱਧ ਸ਼ਾਂਤਮਈ ਸੰਘਰਸ਼ ਦੀ ਸ਼ੁਰੂਆਤ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਆਰਥਿਕ ਲਾਲਚ ਦੇ ਜ਼ਰੀਏ ਚਲਾਈ ਜਾ ਰਹੀਆਂ ਧਰਮ ਪਰਿਵਰਤਨ ਮੁਹਿੰਮਾਂ ਨੂੰ ਪੂਰੀ ਗੰਭੀਰਤਾ ਨਾਲ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ।ਉਨ੍ਹਾਂ ਪੰਜਾਬ ਵਿੱਚ ਵੱਧ ਰਹੇ ਨਸ਼ਿਆਂ ਤੇ ਗੈਂਗਸਟਰਵਾਦ ਪ੍ਰਤੀ ਚਿੰਤਾ ਜਤਾਉਂਦੇ ਹੋਏ ਅਪੀਲ ਕੀਤੀ ਕਿ ਹਰ ਧਰਮ ਦੇ ਨੌਜਵਾਨ ਪੰਜਾਬ ਦੀ ਸ਼ਾਂਤੀ ਤੇ ਤਰੱਕੀ ਲਈ ਫੈਡਰੇਸ਼ਨ ਦੇ ਯਤਨਾਂ ਨਾਲ ਸਹਿਯੋਗ ਕਰਨ। ਵਿਦੇਸ਼ਾਂ ਵਿੱਚ ਵੀ ਫੈਡਰੇਸ਼ਨ ਦੇ ਯੂਨਿਟ ਮੁੜ ਸਥਾਪਿਤ ਕੀਤੇ ਜਾਣਗੇ।

*ਮੌਜੂਦਾ ਦੌਰ 'ਚ ਸਰਕਾਰੀ ਤੋਂ ਲੈ ਕੇ ਨਿੱਜੀ ਖੇਤਰ ਤਕ ਖੇਤੀ ਨਾਲ ਸਬੰਧਤ ਮਾਹਿਰਾਂ ਦੀ ਮੰਗ ਵਧ ਰਹੀ ਹੈ। ਜੇ ਤੁਸੀਂ ਵੀ ਐਗਰੀਕਲਚਰ ਇੰਡਸਟਰੀ 'ਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹੋ ਤਾਂ ਐਗਰੀ-ਬਿਜ਼ਨਸ ਤੁਹਾਡੇ ਲਈ ਇਕ ਬਿਹਤਰੀਨ ਬਦਲ ਸਿੱਧ ਹੋ ਸਕਦਾ ਹੈ। ਹਾਲ ਹੀ ਦੇ ਵਰ੍ਹਿਆਂ ਦੌਰਾਨ ਮੈਨੇਜਮੈਂਟ ਨਾਲ ਸਬੰਧਤ ਨੌਜਵਾਨਾਂ ਲਈ ਐਗਰੀ-ਬਿਜ਼ਨਸ ਬੇਸ਼ੁਮਾਰ ਮੌਕੇ ਲੈ ਕੇ ਆਇਆ ਹੈ...*



# ਵੱਡੀਆਂ ਸੰਭਾਵਨਾਵਾਂ ਵਾਲਾ ਖੇਤਰ ਐਗਰੀ-ਬਿਜ਼ਨਸ

ਫਲਾਂ, ਸਬਜ਼ੀਆਂ ਅਤੇ ਅਨਾਜ ਦੇ ਵੱਡੇ ਉਤਪਾਦਕ ਅਤੇ ਬਰਾਮਦਕਾਰ ਹੋਣ ਦੇ ਨਾਤੇ ਭਾਰਤੀ ਖੇਤੀ ਦਾ ਅੱਜ ਦੁਨੀਆ ਵਿਚ ਵੱਖਰਾ ਮੁਕਾਮ ਹੈ। ਫੁੱਲਾਂ, ਮਸਾਲਿਆਂ, ਅਨਾਜ, ਤੇਲ ਬੀਜਾਂ ਅਤੇ ਸਬਜ਼ੀਆਂ ਦੀ ਬਰਾਮਦ ਸਮਰਥਾ ਵਿਚ ਭਾਰਤ ਲਗਾਤਾਰ ਵਾਧਾ ਕਰ ਰਿਹਾ ਹੈ। ਐਗਰੀ-ਬਿਜ਼ਨਸ ਯਾਨੀ ਖੇਤੀ ਕਾਰੋਬਾਰ ਦੀ ਪੜ੍ਹਾਈ ਅਤੇ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੀ ਵਧਦੀ ਹੋਈ ਅਹਿਮੀਅਤ ਭਾਰਤੀ ਖੇਤੀ ਦੇ ਵਿਸਥਾਰ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵੀ ਵਧਾ ਰਹੀ ਹੈ। ਖੇਤੀ ਜਾਂ ਕਿਰਸਾਨੀ ਹੁਣ ਗੁਜ਼ਾਰੇ ਦਾ ਜ਼ਰੀਆ ਹੀ ਨਹੀਂ ਰਹਿ ਗਿਆ, ਬਲਕਿ ਇਸ ਖੇਤਰ ਤੋਂ ਕਾਰੋਬਾਰੀ ਪੱਧਰ 'ਤੇ ਵੱਡੀ ਕਾਮਯਾਬੀ ਦੀ ਵੱਡੀਆਂ ਉਮੀਦਾਂ ਹਨ। ਇਹੀ ਕਾਰਨ ਹੈ ਕਿ ਕਾਰੋਬਾਰੀ ਪਿਛੋਕੜ ਵਾਲੇ ਲੋਕਾਂ ਲਈ ਇਸ ਖੇਤਰ ਵਿਚ ਮਾਰਕੀਟਿੰਗ, ਮਰਚੈਂਡਾਈਜ਼ਿੰਗ, ਸੇਲਜ਼ ਰਿਪਰਜ਼ੈਂਟੇਟਿਵ, ਅਕਾਊਂਟੈਂਟ, ਐਗਰੀਕਲਚਰ ਇਕਨਾਮਿਸਟ, ਫਾਈਨਾਂਸ ਮੈਨੇਜਰ, ਕਮੋਡਿਟੀ ਟਰੇਡਰ ਦੇ ਤੌਰ 'ਤੇ ਪਛਾਣ ਬਣਾਉਣ ਦੇ ਬਹੁਤ ਸਾਰੇ ਮੌਕੇ ਹਨ। ਜੇ ਸਵੈ ਰੁਜ਼ਗਾਰ ਦੀਆਂ ਸੰਭਾਵਨਾਵਾਂ ਨੂੰ ਵੇਖੀਏ ਤਾਂ ਇਸ ਖੇਤਰ ਵਿਚ ਬਿਜ਼ਨਸ ਆਪਰੇਸ਼ਨ, ਫਾਰਮਿੰਗ, ਪ੍ਰੋਸੈਸਿੰਗ, ਮਨੂਫੈਕਚਰਿੰਗ ਐਂਡ ਪੈਕੇਜਿੰਗ ਅਤੇ ਡਿਸਟ੍ਰੀਬਿਊਸ਼ਨ ਦੇ ਖੇਤਰਾਂ 'ਚ ਬਹੁਤ ਸਾਰੇ ਮੌਕੇ ਮੌਜੂਦ ਹਨ।

### ਐਗਰੀ-ਬਿਜ਼ਨਸ 'ਚ ਮੌਕੇ

*ਫੂਡ ਪ੍ਰੋਡਕਸ਼ਨ ਅਤੇ ਪ੍ਰੋਸੈਸਿੰਗ ਇੰਡਸਟਰੀ ਵਿਚ ਹਾਲ ਹੀ 'ਚ ਆਈਆਂ ਤਬਦੀਲੀਆਂ ਕਾਰਨ ਖੇਤੀ ਖੇਤਰ ਦਾ ਦਾਇਰਾ ਅਤੇ ਵੱਡੀ ਗਿਣਤੀ ਵਿਚ ਮੁਹਾਰਤ ਪ੍ਰਾਪਤ ਪੇਸ਼ੇਵਰਾਂ ਦੀ ਮੰਗ ਵਧੀ ਹੈ। ਐਗਰੀਕਲਚਰ ਗ੍ਰੈਜੂਏਟ ਜਾਂ ਐਗਰੀ-ਬਿਜ਼ਨਸ ਐਕਸਪਰਟ ਲਈ ਸਰਕਾਰੀ, ਗ਼ੈਰ-ਸਰਕਾਰੀ ਅਤੇ ਸਵੈ ਰੁਜ਼ਗਾਰ ਲਈ ਬਹੁਤ ਸਾਰੇ ਮੌਕੇ ਹਨ। ਐਗਰੀ-ਬਿਜ਼ਨਸ ਦੀ ਪੜ੍ਹਾਈ ਕਰਨ ਤੋਂ ਬਾਅਦ ਐਗਰੀ-ਬਿਜ਼ਨਸ ਕੰਪਨੀਆਂ, ਖੇਤੀ ਸੰਸਥਾਵਾਂ, ਇਨਪੁਟ ਡੀਲਰ, ਐੱਨਜੀਓ, ਐਗਰੀ-ਇੰਟਰਪ੍ਰੇਨੇਓਰ ਅਤੇ ਕੋਆਪ੍ਰੇਟਿਵ 'ਚ ਕੰਮ ਕਰ ਸਕਦੇ ਹੋ।*

### ਐਗਰੀ-ਬਿਜ਼ਨਸ 'ਚ ਕਰ ਸਕਦੇ ਹੋ ਐੱਮਬੀਏ

ਜੇ ਤੁਹਾਡੀ ਰੁਚੀ ਭਾਰਤੀ ਖੇਤੀ ਗੇ ਪ੍ਰਯੋਗਿਕ ਅਤੇ ਖੋਜ ਪਹਿਲੂਆਂ ਨੂੰ ਨੇੜਿਓਂ ਜਾਨਣ ਵਿਚ ਹੈ ਤਾਂ ਯਕੀਨਨ ਐਗਰੀ-ਬਿਜ਼ਨਸ 'ਚ ਐੱਮ੍ਰੀਏ ਅਤੇ ਪੀਐੱਚਡੀ ਦੀ ਪੜ੍ਹਾਈ ਤੁਹਾਡੇ ਲਈ ਮਦਦਗਾਰ ਸਿੱਧ ਹੋ ਸਕਦੀ ਹੈ। ਦੋ ਸਾਲਾ ਐੱਮਬੀਏ ਇਨ ਐਗਰੀ-ਬਿਜ਼ਨਸ ਦੇ ਦੌਰਾਨ ਖੇਤੀ ਸੋਮਿਆਂ ਅਤੇ ਉਤਪਾਦਾਂ ਦੇ ਵਿਕਾਸ, ਸੰਭਾਲ ਅਤੇ ਕਾਰੋਬਾਰ ਆਦਿ ਉੱਪਰ ਵਿਸ਼ੇਸ਼ ਤੌਰ 'ਤੇ ਫੋਕਸ ਕੀਤਾ ਜਾ ਸਕਦਾ ਹੈ। ਇਸ ਕੋਰਸ ਦਾ ਮੁੱਖ ਉਦੇਸ਼ ਫਾਈਨਾਂਸ, ਲੈਂਡਿੰਗ, ਕਮੋਡਿਟੀ ਟ੍ਰੇਨਿੰਗ, ਮਾਈਕਰੋ ਫਾਈਨਾਂਸ, ਸਪਲਾਈ ਚੇਨ ਮੈਨੇਜਮੈਂਟ, ਟੈਕਸੇਸ਼ਨ, ਮਾਰਕੀਟਿੰਗ (ਵਿਸ਼ੇਸ਼ ਤੌਰ 'ਤੇ ਰੂਰਲ ਮਾਰਕੀਟਿੰਗ) ਆਦਿ ਦੇ ਰੂ-ਬ-ਰੂ ਕਰਵਾਉਣਾ ਹੈ।

### ਮੁੱਖ ਸੰਸਥਾਵਾਂ

- ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
- ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ।
- ਜੀਬੀ ਪੰਤ ਯੂਨੀਵਰਸਿਟੀ ਆਫ ਐਗਰੀਕਲਚਰ ਐਂਡ ਟੈਕਨਾਲੋਜੀ।
- ਨੈਸ਼ਨਲ ਇੰਸਟੀਚਿਊਟ ਆਫ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ।
- ਬਨਾਰਸ ਹਿੰਦੂ ਯੂਨੀਵਰਸਿਟੀ, ਵਾਰਣਸੀ। •

## ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ 'ਚ ਕਰੋ ਪੀਜੀ ਡਿਪਲੋਮਾ

*ਨੈਸ਼ਨਲ ਇੰਸਟੀਚਿਊਟ ਆਫ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ (ਮੈਨੇਜ) ਨੇ ਤੇਜ਼ੀ ਨਾਲ ਵਿਕਸਿਤ ਹੋ ਰਹੇ ਖੇਤੀ ਖੇਤਰ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਮਕਸਦ ਨਾਲ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਕਈ ਅਹਿਮ ਕੋਰਸ ਸ਼ੁਰੂ ਕੀਤੇ ਹਨ। 'ਮੈਨੇਜ' ਭਾਰਤ ਸਰਕਾਰ ਦੇ ਖੇਤੀ ਅਤੇ ਕਿਸਾਨ ਕਲਿਆਣ ਮੰਤਰਾਲੇ ਅਧੀਨ ਕੰਮ ਕਰਨ ਵਾਲੀ ਖ਼ੁਦਮੁਖਤਿਆਰ ਰੈਗੁਲੇਟਰੀ ਹੈ। ਇਹ ਪੇਸ਼ੇਵਰਾਂ ਨੂੰ ਸਿਖਲਾਈ, ਸਲਾਹ, ਮੈਨੇਜਮੈਂਟ, ਖੋਜ ਅਤੇ ਸੂਚਨਾ ਸੇਵਾਵਾਂ ਦੇ ਖੇਤਰ 'ਚ ਮੁਹਾਰਤ ਦਿੰਦੀ ਹੈ। 'ਮੈਨੇਜ' ਵੱਲੋਂ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ, ਆਨਲਾਈਨ ਪੀਜੀਡੀਏਈਐੱਮ-ਮੂਕ, ਡਿਪਲੋਮਾ ਇਨ ਐਗਰੀਕਲਚਰਲ ਸਰਵਿਸਿਜ਼ ਅਤੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਮੈਨੇਜਮੈਂਟ (ਐਗਰੀ-ਬਿਜ਼ਨਸ ਮੈਨੇਜਮੈਂਟ) ਸਮੇਤ ਕਈ ਕੋਰਸ ਕਰਵਾਏ ਜਾਂਦੇ ਹਨ।*

***ਕੋਰਸ** : ਪੋਸਟ ਗ੍ਰੈਜੂਏਟ ਡਿਪਲੋਮਾ ਇਨ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ (ਪੀਜੀਡੀਏਈਐੱਮ)- ਦੋ ਸਮੈਸਟਰ।*

***ਯੋਗਤਾ** : ਐਗਰੀਕਲਚਰ ਜਾਂ ਅਲਾਇਡ ਵਿਸ਼ਿਆਂ (ਹਾਰਟੀਕਲਚਰ, ਵੈਟਰਨਰੀ, ਫਿਸ਼ਰੀਜ਼ ਆਦਿ) 'ਚ ਗ੍ਰੈਜੂਏਟ ਜਾਂ ਸਰਕਾਰੀ ਜਾਂ ਗ਼ੈਰ ਸਰਕਾਰੀ ਖੇਤਰਾਂ ਦੇ ਖੇਤੀ ਨਾਲ ਸਬੰਧਤ ਪ੍ਰੋਫਾਈਲ 'ਚ ਕੰਮ ਕਰਨ ਵਾਲੇ ਗ੍ਰੈਜੂਏਟ ਅਪਲਾਈ ਕਰ ਸਕਦੇ ਹਨ।*

***ਚੋਣ** : ਉਮੀਦਵਾਰ ਦੀ ਚੋਣ ਲਿਖਤੀ ਪ੍ਰੀਖਿਆ ਅਤੇ ਅਸਾਈਨਮੈਂਟ 'ਚ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੀ ਜਾਵੇਗੀ। ਲਿਖਤੀ ਪ੍ਰੀਖਿਆ ਲਈ 70 ਅੰਕ ਅਤੇ ਅਸਾਈਨਮੈਂਟ ਲਈ 30 ਅੰਕ ਨਿਰਧਾਰਤ ਕੀਤੇ ਗਏ ਹਨ। ਪ੍ਰੀਖਿਆ ਦਾ ਮਾਧਿਅਮ ਹਿੰਦੀ ਜਾਂ ਅੰਗਰੇਜ਼ੀ ਹੋਵੇਗਾ।*

***ਅਪਲਾਈ ਕਰਨ ਦੀ ਆਖ਼ਰੀ ਤਰੀਕ***

*31 ਦਸੰਬਰ 2017*

***ਵਧੇਰੇ ਜਾਣਕਾਰੀ ਲਈ ਵੇਖੋ***

http://www.manage.gov.in/pgdaem/brochure-2017-18.pdf



## ਨੌਕਰੀਆਂ

**ਸੈਂਟਰਲ ਬੈਂਕ ਆਫ ਇੰਡੀਆ**
ਅਸਾਮੀਆਂ - 18
ਅਹੁਦਾ - **ਸਕਿਓਰਿਟੀ ਅਫਸਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - 22 **ਦਸੰਬਰ** 2017
ਵੈੱਬਸਾਈਟ - www.crentralbankofindia.co.in.

**ਇੰਡੀਅਨ ਨੇਵੀ**
ਅਸਾਮੀਆਂ - 168
ਅਹੁਦਾ - **ਚਾਰਜਮੈਨ ਤੇ ਸਿਵਲੀਅਨ ਪਰਸਨਲ ਪੋਸਟਸ**
ਅਪਲਾਈ ਕਰਨ ਦੀ ਆਖ਼ਰੀ ਤਰੀਕ - 26 **ਦਸੰਬਰ** 2017
ਵੈੱਬਸਾਈਟ - www.hqwncrecruitment.com.

**ਲਾਈਫ ਇੰਸ਼ੋਰੈਂਸ ਕੰਪਨੀ ਇੰਡੀਆ**
ਅਸਾਮੀਆਂ - 260
ਅਹੁਦਾ - **ਗਰੁੱਪ-ਬੀ ਨਾਨ-ਗਜ਼ਟਿਡ ਐਡਵਾਈਜ਼ਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - 31 **ਦਸੰਬਰ** 2017
ਵੈੱਬਸਾਈਟ - www.licindia.in

**ਏਅਰਪੋਰਟ ਅਥਾਰਿਟੀ ਆਫ ਇੰਡੀਆ**
ਅਸਾਮੀਆਂ - 170
ਅਹੁਦਾ - **ਜੂਨੀਅਰ ਅਸਿਸਟੈਂਟ**
ਅਪਲਾਈ ਕਰਨ ਦੀ ਆਖ਼ਰੀ ਤਰੀਕ - 31 **ਦਸੰਬਰ** 2017
ਵੈੱਬਸਾਈਟ - www.aai.aero

**ਏਅਰਲਾਈਨ ਅਲਾਈਡ ਸਰਵਿਸਿਜ਼ ਲਿਮਟਿਡ**
ਅਸਾਮੀਆਂ - 33
ਅਹੁਦਾ - **ਟੈਕਨੀਕਲ ਅਸਿਸਟੈਂਟ ਤੇ ਹੋਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - 03 **ਜਨਵਰੀ** 2018
ਵੈੱਬਸਾਈਟ - www.airindia.in

**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
ਅਸਾਮੀਆਂ - 853
ਅਹੁਦਾ - **ਜੂਨੀਅਰ ਇੰਜੀਨੀਅਰ, ਸਬ ਸਟੇਸ਼ਨ ਅਟੈਂਡੈਂਟ**
ਅਪਲਾਈ ਕਰਨ ਦੀ ਆਖ਼ਰੀ ਤਰੀਕ - 08 **ਜਨਵਰੀ** 2018
ਵੈੱਬਸਾਈਟ - www.pspcl.in.

## ਸਰਵੇਖਣ

### ਐਡਵਾਂਸ ਤਕਨਾਲੋਜੀ ਤੋਂ ਖ਼ੁਸ਼ ਹਨ 64 ਫ਼ੀਸਦੀ ਭਾਰਤੀ

**ਤਕਨਾਲੋਜੀ** ਦੇ ਖੇਤਰ ਦੀ ਮਹਾਰਥੀ ਸੰਸਥਾ 'ਸਿਸਕੋ' ਵੱਲੋਂ ਕੀਤੇ ਗਏ ਇਕ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ 60 ਫ਼ੀਸਦੀ ਤੋਂ ਜ਼ਿਆਦਾ ਭਾਰਤੀ ਕਰਮਚਾਰੀ ਐਡਵਾਂਸ ਤਕਨਾਲੋਦੀ ਨੂੰ ਰੁਜ਼ਗਾਰ ਦੇ ਲਿਹਾਜ਼ ਨਾਲ ਫ਼ਾਇਦੇਮੰਦ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਐਡਵਾਂਸ ਤਕਨਾਲੋਜੀ ਰੁਜ਼ਗਾਰ ਵਿਚ ਵਾਧੇ 'ਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਸਿਸਕੋ ਵੱਲੋਂ ਕਰਵਾਏ ਗਏ ਇਸ ਸਰਵੇਖਣ ਵਿਚ ਭਾਰਤ, ਅਮਰੀਕਾ, ਬਰਤਾਨੀਆ, ਕੈਨੇਡਾ, ਫਰਾਂਸ, ਜਰਮਨੀ, ਬ੍ਰਾਜ਼ੀਲ, ਮੈਕਸੀਕੋ, ਆਸਟ੍ਰੇਲੀਆ ਅਤੇ ਚੀਨ ਦੇ 2270 ਵ੍ਹਾਈਟ-ਕਾਲਰ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਗਿਆ ਸੀ।

**57** ਫ਼ੀਸਦੀ ਕਰਮਚਾਰੀਆਂ ਦਾ ਮੰਨਣਾ ਹੈ ਕਿ ਵਰਚੁਅਲ ਅਸਿਸਟੈਂਟ ਨਾਲ ਉਤਪਾਦਕਤਾ ਵਧਦੀ ਹੈ, ਜਦਕਿ 51 ਫ਼ੀਸਦੀ ਕਰਮਚਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਇਕਾਗਰਤਾ ਵਧਦੀ ਹੈ।

**64** ਫ਼ੀਸਦੀ ਭਾਰਤੀ ਇਸ ਗੱਲ ਨਾਲ ਸਹਿਮਤ ਹਨ ਕਿ ਐਡਵਾਂਸ ਤਕਨਾਲੋਜੀ ਨਾਲ ਕਈ ਗੁਣਾ ਜ਼ਿਆਦਾ ਰੁਜ਼ਗਾਰ ਦੇ ਮੌਕੇ ਮਿਲਦੇ ਹਨ। 81 ਫ਼ੀਸਦੀ ਚੀਨੀ ਅਤੇ 69 ਫ਼ੀਸਦੀ ਬ੍ਰਾਜ਼ੀਲ ਦੇ ਕਰਮਚਾਰੀਆਂ ਦਾ ਵੀ ਮੰਨਣਾ ਹੈ ਕਿ ਤਕਨਾਲੋਜੀ ਨਾਲ ਰੁਜ਼ਗਾਰ ਵਿਚ ਵਾਧਾ ਹੋ ਸਕਦਾ ਹੈ।

**93** ਫ਼ੀਸਦੀ ਭਾਰਤੀ ਕਰਮਚਾਰੀ ਵਰਕ-ਪਲੇਸ 'ਤੇ ਤਕਨਾਲੋਜੀ ਅਤੇ ਵਰਚੁਅਲ ਅਸਿਸਟੈਂਸ ਨੂੰ ਸਕਾਰਾਤਮਕ ਨਜ਼ਰੀਏ ਨਾਲ ਵੇਖਦੇ ਹਨ। •

*ਸੀ++ ਕੰਪਿਊਟਰ ਪ੍ਰੋਗਰਾਮਿੰਗ ਲੈਂਗੁਏਜ਼ ਹੈ। ਇਸ ਨੂੰ 1980 ਵਿਚ ਯੂਐੱਸਏ ਦੀ ਬੇਲ ਲੈਬੋਰੇਟਰੀ ਵਿਚ ਬਿਜਰਨੇ ਸਟ੍ਰੋਸਟਰੱਪ ਨੇ ਵਿਕਸਿਤ ਕੀਤਾ ਸੀ। ਜੇ ਤੁਸੀਂ ਘਰ ਰਹਿ ਕੇ ਹੀ ਇਸ ਕੰਪਿਊਟਰ ਭਾਸ਼ਾ ਨੂੰ ਸਿੱਖਣਾ ਚਾਹੁੰਦੇ ਹੋ ਤਾਂ ਕੁਝ ਐਪਸ ਤੁਹਡੇ ਮਦਦਗਾਰ ਸਿੱਧ ਹੋ ਸਕਦੇ ਹਨ...*

# ਸਿੱਖੋ ਪ੍ਰੋਗਰਾਮਿੰਗ ਲੈਂਗੁਏਜ ਸੀ++

ਆਮ ਤੌਰ 'ਤੇ ਸਾਫਟਵੇਅਰ ਦੇ ਬੇਸਿਕ ਕੋਡ ਸੀ++ ਪ੍ਰੋਗਰਾਮਿੰਗ ਲੈਂਗੁਏਜ 'ਚ ਹੀ ਕੀਤੇ ਜਾਂਦੇ ਹਨ। ਇਹ 'ਸੀ' ਦੇ ਮੁਕਾਬਲੇ ਜ਼ਿਆਦਾ ਸੌਖੇ ਹਨ, ਜਿਸ ਕਾਰਨ ਪ੍ਰੋਗਰਾਮਿੰਗ ਕਰਨ 'ਚ ਆਸਾਨੀ ਰਹਿੰਦੀ ਹੈ। ਸੀ++ ਇਕ ਆਬਜੈਕਟਿਵ ਓਰੀਐਂਟਿਡ ਲੈਂਗੁਏਜ ਹੈ, ਜਿਸ ਨੂੰ 1980 ਵਿਚ ਯੂਐੱਸਏ ਦੀ ਬੇਲ ਲੈਬੋਰੇਟਰੀ ਵਿਚ ਬਿਜਰਨੇ ਸਟ੍ਰੋਸਟਰੱਪ ਨੇ ਡਿਵੈਲਪ ਕੀਤਾ ਸੀ। ਇਹ ਹਾਈ-ਲੈਵਲ ਲੈਂਗੁਏਜ ਵੀ ਹੈ। ਇਸ ਦੇ ਤਹਿਤ ਟੈਂਪਲੈੱਟਸ, ਫਾਈਲਜ਼, ਕੰਟਰੋਲ ਸਟ੍ਰਕਚਰ, ਆਬਜੈਕਟ ਓਰੀਐਂਟਿਡ ਸਿਸਟਮ ਡਿਵੈਲਪਮੈਂਟ, ਕਲਾਸਿਜ਼ ਅਤੇ ਆਬਜੈਕਟਸ, ਕੰਸਟ੍ਰਕਟਰ ਐਂਡ ਡਿਸਟ੍ਰਕਟਰ, ਇਨਹੈਰੀਟੈਂਸ, ਆਪਰੇਟਰ ਓਵਰਲੋਡਿੰਗ ਆਦਿ ਬਾਰੇ ਪੜ੍ਹਾਇਆ ਜਾਂਦਾ ਹੈ। ਜੇ ਤੁਸੀਂ ਘਰ ਬੈਠੇ ਇਹ ਲੈਂਗੁਏਜ ਸਿੱਖਣੀ ਚਾਹੁੰਦੇ ਹੋ ਤਾਂ ਕੁਝ ਐਪਸ ਇਸ 'ਚ ਤੁਹਾਡੀ ਮਦਦ ਕਰ ਸਕਦੇ ਹਨ।

### ਸੀ++ ਪ੍ਰੋਗਰਾਮਿੰਗ

ਜੇ ਤੁਸੀਂ ਕੰਪਿਊਟਰ ਸਾਇੰਸ ਦੇ ਖੇਤਰ 'ਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹੋ ਤਾਂ ਸੀ++ ਲੈਂਗੁਏਜ ਬਾਰੇ ਸਿੱਖਣਾ ਤੁਹਾਡੇ ਲਈ ਫ਼ਾਇਦੇਮੰਦ ਰਹੇਗਾ। ਇਹ ਸੀ++ ਪ੍ਰੋਗਰਾਮਿੰਗ ਟਿਊਟੋਰੀਅਲ ਐਪ ਹੈ, ਜਿਸ ਵਿਚ ਤੁਹਾਨੂੰ 140 ਪ੍ਰੋਗਰਾਮਾਂ ਬਾਰੇ ਦੱਸਿਆ ਜਾਂਦਾ ਹੈ। ਇਨ੍ਹਾਂ ਵਿੱਚੋਂ




ਜ਼ਿਆਦਾਤਰ ਐੱਫਏਕਿਊ 'ਤੇ ਆਧਾਰਿਤ ਹਨ, ਜੋ ਐਗਜ਼ਾਮ ਦੇ ਲਿਹਾਜ਼ ਨਾਲ ਵੀ ਫ਼ਾਇਦੇਮੰਦ ਸਿੱਧ ਹੋ ਸਕਦੇ ਹਨ। ਇਸ ਦਾ ਯੂਜ਼ਰ ਇੰਟਰਫੇਸ ਵੀ ਕਾਫੀ ਆਸਾਨ ਹੈ ਜਿਸ ਕਾਰਨ ਕੰਟੈਂਟ ਨੂੰ ਸਮਝਣ 'ਚ ਕਾਫੀ ਆਸਾਨੀ ਰਹਿੰਦੀ ਹੈ। ਇਸ ਵਿਚ ਚੈਪਟਰ-ਵਾਈਜ਼ ਟਿਊਟੋਰੀਅਲ ਦਿੱਤੇ ਗਏ ਹਨ। ਇਸ ਦੇ ਨਾਲ ਹੀ ਕੈਟੇਗਰੀ-ਵਾਈਜ਼ ਪ੍ਰਸ਼ਨ ਅਤੇ ਉੱਤਰ ਵੀ ਆਸਾਨੀ ਨਾਲ ਮਿਲ ਜਾਂਦੇ ਹਨ। ਪ੍ਰੋਗਰਾਮ ਅਤੇ ਟਿਊਟੋਰੀਅਲ ਨੂੰ ਇਕ ਹੀ ਕਲਿੱਕ ਵਿਚ ਕਿਸੇ ਨਾਲ ਸ਼ੇਅਰ ਵੀ ਕੀਤਾ ਜਾ ਸਕਦਾ ਹੈ। ਇਸ ਐਪ ਨੂੰ ਗੂਗਲ ਪਲੇਅ ਸਟੋਰ ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ।

### ਲਰਨ ਸੀ++

ਇਹ ਐਪ ਤੁਹਾਨੂੰ ਖ਼ੁਦ ਹੀ ਪ੍ਰੋਗਰਾਮਿੰਗ ਸਿੱਖਣ ਦੀ ਸਹੂਲਤ ਦਿੰਦੀ ਹੈ। ਇਸ ਵਿਚ ਸੀ++ ਨਾਲ ਸਬੰਧਤ 80 ਲੈਸਨ 8 ਲੈਵਲਜ਼ 'ਚ ਦਿੱਤੇ ਗਏ ਹਨ, ਜਿਸ ਵਿਚ ਬੇਸਿਕ ਕੰਸੈਪਟ, ਡਾਟਾ ਟਾਈਪਸ, ਲੂਪਸ, ਫੰਕਸ਼ਨਜ਼, ਕਲਾਸਿਜ਼ ਐਂਡ ਆਬਜੈਕਟਸ, ਫਾਈਲਜ਼ ਆਦਿ ਬਾਰੇ ਦੱਸਿਆ ਗਿਆ ਹੈ। ਇਥੇ ਇਕ ਲੈਵਲ ਮੁਕੰਮਲ ਕਰਨ ਤੋਂ ਬਾਅਦ ਦੂਸਰੇ ਲੈਵਲ ਨੂੰ ਖੋਲ੍ਹ ਸਕਦੇ ਹੋ। ਇਸ ਵਿਚ ਕੁਇਜ਼ ਦੀ ਸਹੂਲਤ ਵੀ ਮੌਜੂਦ ਹੈ। ਇਹ ਐਪ ਵੀ ਗੂਗਲ ਪਲੇਅ ਸਟੋਰ 'ਤੇ ਮੌਜੂਦ ਹੈ ਅਤੇ ਇਸ ਨੂੰ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ।

### ਸੀ++ ਟਿਊਟੋਰੀਅਲ

ਇਸ ਦੇ ਲਈ ਮਾਹਿਰ ਪ੍ਰੋਗਰਾਮਰ ਹੋਣਾ ਜ਼ਰੂਰੀ ਨਹੀਂ ਹੈ। ਇਸ ਐਪ ਜ਼ਰੀਏ ਸੀ++ ਪ੍ਰੋਗਰਾਮਿੰਗ ਲੈਂਗੁਏਜ ਬਾਰੇ ਆਸਾਨੀ ਨਾਲ ਸਿੱਖਿਆ ਜਾ ਸਕਦਾ ਹੈ। ਇਹ ਉਨ੍ਹਾਂ ਵਿਦਿਆਰਥੀਆਂ ਲਈ ਵੀ ਜ਼ਰੂਰੀ ਹੈ, ਜੋ ਨੌਕਰੀ ਦੀ ਭਾਲ ਕਰ ਰਹੇ ਹਨ ਜਾਂ ਸੀ++ ਨਾਲ ਸਬੰਧਤ ਇਮਤਿਹਾਨ ਜਾਂ ਇੰਟਰਵਿਊ ਦੇਣ ਦੀ ਤਿਆਰੀ ਕਰ ਰਹੇ ਹਨ। ਇਸ ਵਿਚ ਸੀ++ ਨਾਲ ਸਬੰਧਤ 100 ਤੋਂ ਜ਼ਿਆਦਾ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ 'ਚ ਬੇਸਿਕ ਸੀ++, ਲੂਪ ਸਟੇਟਮੈਂਟਸ, ਮੈਥੇਮੈਟੀਕਲ ਆਪਰੇਸ਼ਨਜ਼, ਏਰੀ, ਐਡਵਾਂਸ ਕੰਸੈਪਟ, ਜਨਰਲ ਕੰਸੈਪਟ, ਪੈਟਰਨ ਐਗਜ਼ੈਂਪਲਜ਼ ਆਦਿ ਬਾਰੇ ਦੱਸਿਆ ਗਿਆ ਹੈ। ਇਸ ਵਿਚ ਦਿੱਤੇ ਗਏ ਟਿਊਟੋਰੀਅਲ ਦੀ ਮਦਦ ਨਾਲ ਇਸ ਲੈਂਗੁਏਜ ਦੇ ਬਾਰੇ ਕਾਫੀ ਕੁਝ ਆਸਾਨੀ ਨਾਲ ਸਿੱਖਿਆ ਜਾ ਸਕਦਾ ਹੈ। •

*ਸਮਾਜਿਕ ਅਤੇ ਸਿਆਸੀ ਤਬਦੀਲੀਆਂ ਨੂੰ ਬਾਰੀਕੀ ਨਾਲ ਸਮਝਣਾ ਅਤੇ ਕਲਾ ਦੇ ਆਪਣੇ ਹੁਨਰ ਨਾਲ ਉਸ ਨੂੰ ਕਾਗਜ਼ ਉੱਪਰ ਉਲੀਕਣਾ ਜੇ ਤੁਹਾਡਾ ਸ਼ੌਕ ਹੈ ਤਾਂ ਕਾਰਟੂਨਿਸਟ ਬਣ ਕੇ ਤੁਸੀਂ ਆਪਣੇ ਇਸ ਸ਼ੌਕ ਨੂੰ ਕਰੀਅਰ ਦਾ ਰੂਪ ਦੇ ਸਕਦੇ ਹੋ। ਤਕਨੀਕ ਦੇ ਇਸ ਯੁੱਗ ਵਿਚ ਜਿੰਨੀ ਤੇਜ਼ੀ ਨਾਲ ਮੀਡੀਆ ਦੇ ਵੱਖ-ਵੱਖ ਸਰੂਪਾਂ ਦਾ ਵਿਸਥਾਰ ਹੋ ਰਿਹਾ ਹੈ ਓਨੀ ਹੀ ਤੇਜ਼ੀ ਨਾਲ ਕਾਰਟੂਨਿਸਟ ਲਈ ਸੰਭਾਵਾਨਵਾਂ ਵੀ ਵਧ ਰਹੀਆਂ ਹਨ। ਰਚਨਾਤਮਿਕਤਾ ਨਾਲ ਜੁੜੇ ਇਸ ਖੇਤਰ 'ਚ ਸ਼ਾਮਲ ਹੋ ਕੇ ਤੁਸੀਂ ਬਿਹਤਰੀਨ ਮੁਕਾਮ ਹਾਸਲ ਕਰ ਸਕਦੇ ਹੋ...*

# ਕਾਰਟੂਨਿਸਟ ਬਣ ਕੇ ਕਰੀਅਰ ਨੂੰ ਦਿਓ ਖ਼ੂਬਸੂਰਤ ਆਕਾਰ

ਕਾਰਟੂਨ ਸ਼ਬਦ ਤੋਂ ਅਸੀਂ ਸਾਰੇ ਬਚਪਨ ਤੋਂ ਹੀ ਵਾਕਿਫ਼ ਹਾਂ। ਬਚਪਨ ਤੋਂ ਵੱਡੇ ਹੋਣ ਤਕ ਨਾ ਜਾਣੇ ਕਿੰਨੀ ਵਾਰ ਅਸੀਂ ਕਾਰਟੂਨ ਵੇਖਦਿਆਂ ਹੱਸੇ ਹੋਵਾਂਗੇ ਪਰ ਕਾਰਟੂਨ ਦਾ ਕੰਮ ਸਿਰਫ਼ ਲੋਕਾਂ ਨੂੰ ਹਸਾਉਣਾ ਹੀ ਨਹੀਂ ਹੈ, ਬਲਕਿ ਇਹ ਮਨੋਰਜਨ ਦੇ ਨਾਲ-ਨਾਲ ਲੋਕਾਂ ਨੂੰ ਜਾਣਕਾਰੀ ਵੀ ਦਿੰਦੇ ਹਨ। ਕਾਰਟੂਨ ਵਰਤਮਾਨ ਦੀ ਘਟਨਾਵਾਂ ਅਤੇ ਸਥਿਤੀਆਂ ਨੂੰ ਸੱਚਾਈ ਅਤੇ ਹਾਸੇ ਦੇ ਰੂਪ ਵਿਚ ਚਿਤਰਦੇ ਹੋਏ ਤੁਹਾਡੇ ਸਾਹਮਣੇ ਪੇਸ਼ ਕਰਦੇ ਹਨ। ਅੱਜ ਵੀ ਕਾਰਟੂਨ ਜ਼ਰੀਏ ਬੜੇ ਰੋਚਕ ਅੰਦਾਜ਼ 'ਚ ਸਿਆਸੀ, ਇਸ਼ਤਿਹਾਰਾਂ, ਸਮਾਜਿ ਅਤੇ ਖੇਡਾਂ ਨਾਲ ਸਬੰਧਤ ਮੁੱਦਿਆਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਜੇ ਤੁਸੀਂ ਆਪਣੀ ਕਲਾ ਜ਼ਰੀਏ ਸਮਾਜਿਕ ਮੁੱਦਿਆਂ ਉੱਪਰ ਵਿਅੰਗ ਕਰਨ ਦੀ ਖ਼ੂਬੀ ਜਾਣਦੇ ਹੋ ਤਾਂ ਕਾਰਟੂਨਿਸਟ ਦੇ ਤੌਰ 'ਕੇ ਕਰੀਅਰ ਬਣਾ ਕੇ ਆਪਣੇ ਸੁਪਨਿਆਂ ਨੂੰ ਹਕੀਕੀ ਜਾਮਾ ਪਹਿਨਾ ਸਕਦੇ ਹੋ।

### ਕੌਣ ਬਣ ਸਕਦਾ ਹੈ ਕਾਰਟੂਨਿਸਟ?

ਕਾਰਟੂਨਿਸਟ ਇਕ ਤਰ੍ਹਾਂ ਦਾ ਇਲਸਟ੍ਰੇਟਰ ਜਾਂ ਗ੍ਰਾਫਿਕ ਕਲਾਕਾਰ ਹੁੰਦਾ ਹੈ, ਜੋ ਚਿੱਤਰਾਂ ਜ਼ਰੀਏ ਸਮਾਜ ਅਤੇ ਰਾਜਨੀਤੀ ਨਾਲ ਸਬੰਧਤ ਮੁੱਦਿਆਂ ਨੂੰ ਬੜੇ ਵਿਅੰਗਾਤਮਕ ਤਰੀਕੇ ਨਾਲ ਪ੍ਰਗਟ ਕਰ ਕੇ ਲੋਕਾਂ ਦਾ ਧਿਆਨ ਉਸ ਮੁੱਦੇ ਵੱਲ ਆਕਰਸ਼ਿਤ ਕਰਦੇ ਹਨ। ਕਾਰਟੂਨਿਸਟ ਬਣਨ ਲਈ ਕਿਸੇ ਵਿਸ਼ੇਸ਼ ਡਿਗਰੀ ਦੀ ਨਹੀਂ ਬਲਕਿ ਗਹਿਰ-ਗੰਭੀਰ ਨਜ਼ਰੀਏ, ਡੂੰਘੇ ਵਿਚਾਰਾਂ, ਚੰਗੀ ਡਰਾਇੰਗ, ਚੰਗੀ ਲਿਖਣ ਸ਼ੈਲੀ ਅਤੇ ਵਿਅੰਗਆਤਮਿਕ ਅੰਦਾਜ਼ ਦਾ ਹੋਣਾ ਜ਼ਰੂਰੀ ਹੈ। ਜੇ ਕੋਰਸ ਦੀ ਗੱਲ ਕਰੀਏ ਤਾਂ ਕੁਝ ਅਜਿਹੀਆਂ ਸੰਸਥਾਵਾਂ ਵੀ ਹਨ, ਜੋ ਮੁੱਖ ਤੌਰ 'ਤੇ ਕਾਰਟੂਨਿੰਗ ਦੇ ਕੋਰਸ ਕਰਵਾਉਂਦੀਆਂ ਹਨ ਪਰ ਕਾਰਟੂਨਿੰਗ 'ਚ ਰੁਚੀ ਅਤੇ ਇਸ ਕਲਾ ਨਾਲ ਕਰੀਅਰ ਬਣਾਉਣ ਦੀ ਇੱਛਾ ਰੱਖਣ ਵਾਲੇ ਨੌਜਵਾਨ ਇਸ ਕਲਾ ਨੂੰ ਫਾਈਨ ਆਰਟ, ਡਰਾਇੰਗ, ਪੇਂਟਿੰਗ ਆਦਿ ਦੇ ਕੋਰਸ ਕਰ ਕੇ ਸਿੱਖ ਸਕਦੇ ਹਨ।



### ਨਾਂ ਦੇ ਨਾਲ-ਨਾਲ ਕਮਾਈ ਵੀ

*ਇਕ ਕਾਰਟੂਨਿਸਟ ਦੀ ਕਮਾਈ ਪੂਰੀ ਤਰ੍ਹਾਂ ਉਸ ਦੀ ਰਚਨਾਤਮਿਕਤਾ ਅਤੇ ਹੁਨਰ ਉੱਪਰ ਨਿਰਭਰ ਕਰਦੀ ਹੈ। ਸ਼ੁਰੂਆਤੀ ਦੌਰ ਵਿਚ ਤੁਸੀਂ ਫ੍ਰੀਲਾਂਸਰ ਦੇ ਤੌਰ 'ਤੇ ਕੰਮ ਦੀ ਸ਼ੁਰੂਆਤ ਕਰ ਸਕਦੇ ਹੋ। ਇਸ ਦੌਰਾਨ 500 ਤੋਂ 1000 ਰੁਪਏ ਪ੍ਰਤੀ ਕਾਰਟੂਨ ਕਮਾ ਸਕਦੇ ਹੋ, ਜਦਕਿ ਕਿਸੇ ਸੰਸਥਾ 'ਚ ਨੌਕਰੀ ਕਰਨ 'ਤੇ ਸ਼ੁਰੂਆਤੀ ਦੌਰ ਵਿਚ ਤੁਸੀਂ 15 ਤੋਂ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਪ੍ਰਾਪਤ ਕਰ ਸਕਦੇ ਹੋ। ਜਿਵੇਂ-ਜਿਵੇਂ ਤੁਹਾਡਾ ਹੁਨਰ ਅਤੇ ਨਾਂ ਵਧਦਾ ਜਾਂਦੇ ਹੈ, ਕਮਾਈ ਵਿਚ ਵੀ ਵਾਧਾ ਹੁੰਦਾ ਜਾਂਦਾ ਹੈ।*



### ਲੋੜੀਂਦੀ ਮੁਹਾਰਤ

ਇਕ ਨਾਮੀ ਕਾਰਟੂਨਿਸਟ ਦੇ ਤੌਰ 'ਤੇ ਆਪਣੀ ਪਛਾਣ ਬਣਾਉਣ ਲਈ ਕਲਾ ਦੀ ਮੁਹਾਰਤ ਦੇ ਨਾਲ-ਨਾਲ ਤੁਹਾਡੇ ਅੰਦਰ ਗਹਿਰ-ਗੰਭੀਰ ਵਿਚਾਰਾਂ ਦਾ ਹੋਣਾ ਵੀ ਲਾਜ਼ਮੀ ਹੈ, ਕਿਉਂਕਿ ਕਾਰਟੂਨ ਵਿਅੰਗਾਤਮਿਕ ਰੂਪ 'ਚ ਸਮਾਜ ਨੂੰ ਕਿਸੇ ਨਾ ਕਿਸੇ ਤਰ੍ਹਾਂ ਦਾ ਸੁਨੇਹਾ ਵੀ ਦਿੰਦੇ ਹਨ। ਇਸ ਲਈ ਇਕ ਕਾਰਟੂਨਿਸਟ ਅੰਦਰ ਸਿਆਸੀ ਪਾਰਟੀਆਂ ਦੇ ਮੁੱਦਿਆਂ ਬਾਰੇ ਸਮਝ, ਧਰਮ ਅਤੇ ਧਾਰਮਿਕ ਚਿੰਨ੍ਹਾਂ ਦਾ ਗਿਆਨ, ਸਮਾਜ 'ਚ ਹੋਣ ਵਾਲੀਆਂ ਤਬਦੀਲੀਆਂ ਨੂੰ ਗਹਿਰਾਈ ਨਾਲ ਸਮਝਣ ਦਾ ਗੁਣ ਹੋਣਾ ਬੇਹੱਦ ਜ਼ਰੂਰੀ ਹੈ। ਸਮੇਂ ਦੇ ਨਾਲ ਤਕਨਾਲੋਜੀ ਦੀ ਵਧਦੀ ਹੋਈ ਵਰਤੋਂ ਨੂੰ ਵੇਖਦੇ ਹੋਏ ਕਾਰਟੂਨਿਸਟ ਨੂੰ ਆਪਣੇ ਕੰਮ ਨੂੰ ਨਿਖਾਰਨ ਲਈ ਗ੍ਰਾਫਿਕ ਸਾਫਟਵੇਅਰਜ਼ ਬਾਰੇ ਵੀ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ।

### ਵਧ ਰਹੀਆਂ ਸੰਭਾਵਨਾਵਾਂ

ਜਿਵੇਂ-ਜਿਵੇਂ ਮੀਡੀਆ ਦਾ ਵਿਸਥਾਰ ਹੋ ਰਿਹਾ ਹੈ, ਤਿਵੇਂ-ਤਿਵੇਂ ਕਾਰਟੂਨਿਸਟ ਦੇ ਲਈ ਸੰਭਾਵਨਾਵਾਂ ਦੇ ਨਵੇਂ ਖੇਤਰ ਵੀ ਵਿਕਸਿਤ ਹੋ ਰਹੇ ਹਨ। ਪਬਲਿਸ਼ਿੰਗ ਸੰਸਥਾਵਾਂ, ਰਸਾਲਿਆਂ, ਅਖ਼ਬਾਰਾਂ, ਇਸ਼ਤਿਹਾਰ ਏਜੰਸੀਆਂ ਆਦਿ ਵਿਚ ਕਾਰਟੂਨਿਸਟਾਂ ਲਈ ਪਹਿਲਾਂ ਹੀ ਬਹੁਤ ਸਾਰੇ ਮੌਕੇ ਮੌਜੂਦ ਹਨ। ਇਸ ਤੋਂ ਇਲਾਵਾ ਬਲਾਗਜ਼ ਅਤੇ ਵੈੱਬਸਾਈਟਸ ਵਰਗੀਆਂ ਆਨਲਾਈਨ ਪਬਲੀਕੇਸ਼ਨਜ਼ ਦੇ ਆਉਣ ਨਾਲ ਇਨ੍ਹਾਂ ਵਿਚ ਵੀ ਨਵੇਂ ਮੌਕੇ ਪ੍ਰਾਪਤ ਹੋਣ ਲੱਗੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਇਲੈਕਟ੍ਰਾਨਿਕ ਮੀਡੀਆ ਵਿਚ ਵੀ ਕਾਰਟੂਨਿਸਟਾਂ ਦੀ ਮੰਗ ਤੇਜ਼ੀ ਨਾਲ ਵਧੀ ਹੈ। ਇਸ ਤੋਂ ਇਲਾਵਾ ਇਸ਼ਤਿਹਾਰਾਂ ਵਿਚ ਵੀ ਕਾਰਟੂਨਾਂ ਦੀ ਵਰਤੋਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੋਣ ਲੱਗੀ ਹੈ। ਅੱਜ ਬਹੁਕੌਮੀ ਕੰਪਨੀਆਂ ਵਿਸ਼ੇਸ਼ ਕਾਰਟੂਨਾਂ ਰਾਹੀਂ ਆਪਣੇ ਉਤਪਾਦਾਂ ਅਤੇ ਸੇਵਾਵਾਂ ਸਬੰਧੀ ਇਸ਼ਤਿਹਾਰਬਾਜ਼ੀ ਕਰਨ ਨੂੰ ਪਹਿਲ ਦੇ ਰਹੀਆਂ ਹਨ।

### ਮੁੱਖ ਸੰਸਥਾਵਾਂ

- ਏਪੀਜੇ ਇੰਸਟੀਚਿਊਟ ਆਫ ਡਿਜ਼ਾਈਨ, ਨਵੀਂ ਦਿੱਲੀ।
- ਦਿੱਲੀ ਕਾਲਜ ਆਫ ਆਰਟ, ਨਵੀਂ ਦਿੱਲੀ।
- ਸਰ ਜੇਜੇ ਸਕੂਲ ਆਫ ਆਰਟ, ਮੁੰਬਈ।
- ਨੈਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ, ਅਹਿਮਦਾਬਾਦ।
- ਕੇਰਲ ਕਾਰਟੂਨ ਅਕਾਦਮੀ, ਕੇਰਲ। •

# ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਨੇ ਪੋਸ਼ਣ, ਖੁਰਾਕ ਸੁਰੱਖਿਆ ਤੇ ਭਲਾਈ ਸਕੀਮਾਂ ਦੀ ਕੀਤੀ ਸਮੀਖਿਆ

ਕੌਮੀ ਪਤ੍ਰਿਕਾ

ਹੁਸ਼ਿਆਰਪੁਰ 24 ਨਵੰਬਰ। ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਸਰਕਾਰ ਦੀਆਂ ਖੁਰਾਕ, ਪੋਸ਼ਣ ਅਤੇ ਸਮਾਜ ਭਲਾਈ ਸਕੀਮਾਂ ਨੂੰ ਲਾਗੂ ਕਰਨ ਨੂੰ ਮਜ਼ਬੂਤ ਕਰਨਾ ਸੀ। ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਅਤੇ ਐੱਨ. ਆਰ. ਆਈ. ਅਤੇ ਸਮਾਜ ਸੇਵਕ ਭੁਪਿੰਦਰ ਸਿੰਘ ਹੁੰਦਲ ਵੀ ਮੌਜੂਦ ਸਨ। ਮੀਟਿੰਗ ਵਿਚ ਸਮਾਜ ਭਲਾਈ ਸਕੀਮਾਂ, ਮਿਡ-ਡੇਅ-ਮੀਲ, ਪੋਸ਼ਣ ਬਾਗ, ਮੁੱਢਲੀ ਸਫ਼ਾਈ, ਸਕੂਲ ਸਿਹਤ ਪ੍ਰੋਗਰਾਮ, ਭੋਜਨ ਸੁਰੱਖਿਆ ਅਤੇ ਪੋਸ਼ਣ ਸੁਰੱਖਿਆ ਸਮੇਤ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਸਕੀਮਾਂ ਦੇ ਅਸਲ ਲਾਭ ਵਿਭਾਗਾਂ ਵਿਚਕਾਰ ਮਜ਼ਬੂਤ ਤਾਲਮੇਲ ਅਤੇ ਨਿਗਰਾਨੀ ਰਾਹੀਂ ਹੀ ਸੰਭਵ ਹਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਮਿਡ-ਡੇਅ-ਮੀਲ ਦੀ ਗੁਣਵੱਤਾ ਵਿਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਬੱਚਿਆਂ ਨੂੰ ਪੌਸ਼ਟਿਕ ਅਤੇ ਸਾਫ਼-ਸੁਥਰਾ ਭੋਜਨ ਮਿਲਣਾ ਯਕੀਨੀ ਬਣਾਉਣ ਲਈ ਅਨਾਜ ਦੀ ਉਪਲਬੱਧਤਾ, ਸਟੋਰੇਜ ਅਤੇ ਵੰਡ ਦੀ ਨਿਯਮਿਤ ਨਿਗਰਾਨੀ ਜ਼ਰੂਰੀ ਹੈ। ਉਨ੍ਹਾਂ ਨੇ ਸਥਾਨਕ ਤੌਰ 'ਤੇ ਉਗਾਈਆਂ ਗਈਆਂ ਤਾਜ਼ੀਆਂ ਸਬਜ਼ੀਆਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਅਤੇ ਆਂਗਣਵਾੜੀਆਂ ਵਿਚ ਪੋਸ਼ਣ ਬਾਗਾਂ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ




ਜੰਗਲਾਤ ਵਿਭਾਗ ਅਤੇ ਬਾਗਬਾਨੀ ਵਿਭਾਗ ਨੂੰ ਸਕੂਲਾਂ ਵਿਚ ਫਲ ਅਤੇ ਔਸ਼ਧੀ ਪੌਦੇ ਲਗਾਉਣ ਲਈ ਵਿਭਾਗ ਨਾਲ ਸਹਿਯੋਗ ਕਰਨ ਦੇ ਨਿਰਦੇਸ਼ ਵੀ ਦਿੱਤੇ। ਬਾਲ ਮੁਕੰਦ ਸ਼ਰਮਾ ਨੇ ਸਕੂਲ ਸਿਹਤ ਪ੍ਰੋਗਰਾਮਾਂ ਅਤੇ ਬੁਨਿਆਦੀ ਸਫਾਈ ਅਭਿਆਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਬੱਚਿਆਂ ਦੀ ਸਿਹਤ, ਸਫਾਈ ਅਤੇ ਪੋਸ਼ਣ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਵਿਭਾਗਾਂ ਨੂੰ ਸਕੂਲਾਂ ਵਿਚ ਸਾਫ ਪੀਣ ਵਾਲੇ ਪਾਣੀ, ਸਾਫ ਪਖਾਨੇ, ਨਿਯਮਿਤ ਸਿਹਤ ਜਾਂਚ ਅਤੇ ਪੋਸ਼ਣ ਜਾਗਰੂਕਤਾ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਪ੍ਰੋਗਰਾਮਾਂ ਦੀ ਅਸਲ ਸਥਿਤੀ ਦਾ ਮੁਲਾਂਕਣ ਕਰਨ ਅਤੇ ਲੋੜੀਂਦੇ ਸੁਧਾਰ ਕਰਨ ਲਈ ਭੋਜਨ ਸੁਰੱਖਿਆ ਅਤੇ ਪੋਸ਼ਣ ਸੁਰੱਖਿਆ ਨਾਲ ਸਬੰਧਤ ਡਾਟਾ ਦੇ ਸਹੀ ਅਤੇ ਸਮੇਂ ਸਿਰ ਅੱਪਡੇਟ ਜ਼ਰੂਰੀ ਹਨ। ਬਾਲ ਮੁਕੰਦ ਸ਼ਰਮਾ ਨੇ ਸਾਰੇ ਵਿਭਾਗਾਂ ਨੂੰ ਇਕ ਮਜ਼ਬੂਤ ਕਾਰਜ ਯੋਜਨਾ ਵਿਕਸਿਤ ਕਰਨ ਲਈ ਮਿਲ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਸਰਕਾਰੀ ਯੋਜਨਾਵਾਂ ਦੇ ਲਾਭ ਹਰੇਕ ਯੋਗ ਵਿਅਕਤੀ ਤੱਕ ਪਹੁੰਚ ਸਕਣ। ਉਨ੍ਹਾਂ ਭਰੋਸਾ ਦਿੱਤਾ ਕਿ ਫੂਡ ਕਮਿਸ਼ਨ ਯੋਜਨਾਵਾਂ ਦੀ ਨਿਰੰਤਰ ਨਿਗਰਾਨੀ ਕਰੇਗਾ ਅਤੇ ਕਿਸੇ ਵੀ ਸ਼ਿਕਾਇਤ ਦਾ ਤੁਰੰਤ ਨਿਪਟਾਰਾ ਕੀਤਾ ਜਾਵੇਗਾ।

### ਰੰਜਿਸ਼ ਕਾਰਨ ਚਾਚੇ-ਭਤੀਜੇ ਦੇ ਬੇਰਹਿਮੀ ਨਾਲ ਕੁੱਟ-ਮਾਰ

ਮੋਗਾ 24 ਨਵੰਬਰ। ਧਰਮਕੋਟ ਨਿਵਾਸੀ ਬਿਹਾਰੀ ਲਾਲ ਅਤੇ ਉਸ ਦੇ ਭਤੀਜੇ ਸੁਖਦੀਪ ਸਿੰਘ ਨੂੰ ਰੰਜਿਸ਼ ਕਾਰਨ ਹਥਿਆਰਬੰਦ ਵਿਅਕਤੀਆਂ ਵਲੋਂ ਕੁੱਟ-ਮਾਰ ਕਰਕੇ ਜ਼ਖਮੀ ਕੀਤੇ ਜਾਣ ਦਾ ਪਤਾ ਲੱਗਾ ਹੈ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਬਿਹਾਰੀ ਲਾਲ ਨੇ ਕਿਹਾ ਕਿ ਉਹ ਆਪਣੇ ਭਤੀਜੇ ਸੁਖਦੀਪ ਸਿੰਘ ਦੇ ਨਾਲ ਮਹਾਰਾਜਾ ਪੈਲੇਸ ਕੋਲ ਜਾ ਰਿਹਾ ਸੀ ਤਾਂ ਕਥਿਤ ਮੁਲਜ਼ਮ ਸੁਖਦੇਵ ਸਿੰਘ ਆਪਣੇ ਕੁਝ ਅਣਪਛਾਤੇ ਸਾਥੀਆਂ ਦੇ ਨਾਲ ਉਸ ਨੂੰ ਘੇਰ ਕੇ ਕੁੱਟ-ਮਾਰ ਕੀਤੀ। ਉਸ ਨੇ ਕਿਹਾ ਕਿ ਸੁਖਦੇਵ ਸਿੰਘ ਬਿਨਾਂ ਕਾਰਨ ਉਸਦੀ ਦਾਦੀ ਸੁਹਾਗਵਤੀ ਨੂੰ ਘਰ ਖਾਲੀ ਕਰਨ ਲਈ ਕਹਿੰਦਾ ਹੈ, ਜਿਸ ਦੀ ਉਹ ਮਾਲਕ ਹੈ, ਜਿਸ ਕਰ ਕੇ ਸੁਖਦੇਵ ਸਿੰਘ ਨੇ ਮੈਨੂੰ ਅਤੇ ਮੇਰੇ ਭਤੀਜੇ ਨੂੰ ਕੁੱਟ-ਮਾਰ ਕੀਤੀ।

### ਪੁਲਸ ਮਹਿਕਮੇ 'ਚ ਭਰਤੀ ਕਰਵਾਉਣ ਦੇ ਨਾਂ 'ਤੇ ਠੱਗੇ 11 ਲੱਖ 15 ਹਜ਼ਾਰ ਰੁਪਏ

ਫਗਵਾੜਾ 24 ਨਵੰਬਰ। ਥਾਣਾ ਸਿਟੀ ਫਗਵਾੜਾ ਦੀ ਪੁਲਸ ਨੇ ਕਥਿਤ ਤੌਰ 'ਤੇ ਪੁਲਸ ਮਹਿਕਮੇ 'ਚ ਭਰਤੀ ਕਰਵਾਉਣ ਦੇ ਨਾਂ 'ਤੇ ਹੋਈ ਲੱਖਾਂ ਰੁਪਏ ਦੀ ਧੋਖਾਦੇਹੀ ਦੇ ਮਾਮਲੇ 'ਚ 2 ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਹੈਰਾਨੀਜਨਕ ਤੱਥ ਇਹ ਹੈ ਕਿ ਦੋਨੋਂ ਮੁਲਜ਼ਮ ਪੁਲਸ ਕੁਆਰਟਰ ਫਗਵਾੜੇ ਵਿਖੇ ਹੀ ਰਹਿੰਦੇ ਹਨ? ਜਾਣਕਾਰੀ ਅਨੁਸਾਰ ਕਰਮਜੀਤ ਕੌਰ ਪਤਨੀ ਸੂਬੇਦਾਰ ਮੇਜਰ ਮਨਜੀਤ ਸਿੰਘ ਵਾਸੀ ਗਲੀ ਨੰਬਰ 1 ਕਿਰਪਾ ਨਗਰ ਫਗਵਾੜਾ ਦੀ ਸ਼ਿਕਾਇਤ 'ਤੇ ਪੁਲਸ ਨੇ ਸੁਨੇਹ ਪ੍ਰਤਾਪ ਸਿੰਘ ਵਾਸੀ ਪੁਲਸ ਕੁਆਰਟਰ ਨੰਬਰ 42 ਥਾਣਾ ਸਦਰ ਫਗਵਾੜਾ ਅਤੇ ਵਿਜੇ ਪ੍ਰਤਾਪ ਸਿੰਘ ਵਾਸੀ ਪੁਲਸ ਕੁਆਰਟਰ ਨੰਬਰ 42 ਥਾਣਾ ਸਦਰ ਫਗਵਾੜਾ ਦੇ ਖਿਲਾਫ ਕਰੀਬ 11 ਲੱਖ 15 ਹਜ਼ਾਰ ਰੁਪਏ ਦੀ ਠੱਗੀ ਕਰਨ ਦੇ ਮਾਮਲੇ 'ਚ ਧੋਖਾਦੇਹੀ ਦੇ ਦੋਸ਼ 'ਚ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖਬਰ ਲਿਖੇ ਜਾਣ ਤੱਕ ਦੋਸ਼ੀ ਪੁਲਸ ਗ੍ਰਿਫਤਾਰੀ ਤੋਂ ਬਾਹਰ ਚੱਲ ਰਹੇ ਹਨ। ਪੁਲਸ ਜਾਂਚ ਦਾ ਦੌਰ ਜਾਰੀ ਹੈ।

### ਜਲੰਧਰ ਦੇ ਮਾਡਲ ਟਾਊਨ 'ਚ ਗੁਰਦੁਆਰਾ ਸਾਹਿਬ ਨੇੜੇ ਖਾਲੀ ਪਲਾਟ 'ਚ ਲੱਗੀ ਅੱਗ

ਜਲੰਧਰ 24 ਨਵੰਬਰ। ਜਲੰਧਰ ਦੇ ਮਾਡਲ ਟਾਊਨ ਗੁਰਦੁਆਰਾ ਸਾਹਿਬ ਨੇੜੇ ਇਕ ਖਾਲੀ ਪਲਾਟ ਵਿੱਚ ਬੀਤੀ ਦੇਰ ਰਾਤ ਅੱਗ ਲੱਗ ਗਈ। ਅੱਗ ਲੱਗਣ ਕਾਰਨ ਵਸਨੀਕਾਂ ਵਿੱਚ ਦਹਿਸ਼ਤ ਫੈਲ ਗਈ। ਲੋਕਾਂ ਨੇ ਤੁਰੰਤ ਫਾਇਰ ਵਿਭਾਗ ਨੂੰ ਸੂਚਿਤ ਕੀਤਾ ਅਤੇ ਦੋ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ ਉਤੇ ਪਹੁੰਚੀਆਂ। ਕਰਮਚਾਰੀਆਂ ਵੱਲੋਂ ਅੱਗ 'ਤੇ ਕਾਬੂ ਪਾਇਆ ਗਿਆ। ਹਾਲਾਂਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ ਪਰ ਖਾਲੀ ਪਲਾਂਟ ਵਿਚ ਝਾੜੀਆਂ ਵਿਚ ਭਿਆਨਕ ਅੱਗ ਲੱਗ ਗਈ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਫਾਇਰ ਬ੍ਰਿਗੇਡ ਦੇ ਕਰਮਚਾਰੀ ਨੇ ਕਿਹਾ ਕਿ ਉਨ੍ਹਾਂ ਖਾਲੀ ਪਲਾਟ ਵਿਚ ਅੱਗ ਲੱਗਣ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਮੌਕੇ 'ਤੇ ਪਹੁੰਚ ਕੇ ਦੋ ਗੱਡੀਆਂ ਨਾਲ ਤਿੰਨ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ।

### ਆਂਧਰਾ ਪ੍ਰਦੇਸ਼ 'ਚ ਵੈਨ ਦੇ ਖੜ੍ਹੀ ਲਾਰੀ ਨਾਲ ਟਕਰਾਉਣ ਕਾਰਨ ਚਾਰ ਸ਼ਰਧਾਲੂਆਂ ਦੀ ਮੌਤ

ਸ਼੍ਰੀਕਾਕੁਲਮ 24 ਨਵੰਬਰ। ਆਂਧਰਾ ਪ੍ਰਦੇਸ਼ ਦੇ ਸ੍ਰੀਕਾਕੁਲਮ ਜ਼ਿਲ੍ਹੇ ਦੇ ਕੋਟਾਬੋਮਾਲੀ ਪਿੰਡ 'ਚ ਐਤਵਾਰ ਨੂੰ ਇੱਕ ਵੈਨ ਦੇ ਖੜ੍ਹੀ ਲਾਰੀ ਨਾਲ ਟਕਰਾਉਣ ਕਾਰਨ ਚਾਰ ਸ਼ਰਧਾਲੂਆਂ ਦੀ ਮੌਤ ਹੋ ਗਈ ਤੇ ਛੇ ਜ਼ਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਮੱਧ ਪ੍ਰਦੇਸ਼ ਤੋਂ 10 ਲੋਕਾਂ ਦਾ ਇੱਕ ਸਮੂਹ ਤੀਰਥ ਯਾਤਰਾ 'ਤੇ ਸੀ। ਉਹ ਓਡੀਸ਼ਾ ਦੇ ਪੁਰੀ 'ਚ ਪ੍ਰਸਿੱਧ ਪੁਰੀ ਜਗਨਨਾਥ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਸ਼੍ਰੀਸੈਲਮ ਦੇ ਪਹਾੜੀ ਮੰਦਰ ਜਾ ਰਹੇ ਸਨ। ਵੈਨ ਦੇ ਖੜ੍ਹੀ ਲਾਰੀ ਨਾਲ ਟਕਰਾਉਣ ਨਾਲ ਵਿਜੇ ਸਿੰਘ ਤੋਮਰ (65), ਉਸੀਰ ਸਿੰਘ (62), ਸੰਤੋਸ਼ ਬਾਈ (62) ਅਤੇ ਬੋਰੋ ਸਿੰਘ ਪਵਾਰ (60) ਦੀ ਮੌਤ ਹੋ ਗਈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਕੋਟਾਬੋਮਾਲੀ ਹਸਪਤਾਲ ਲਿਜਾਇਆ ਗਿਆ। ਜ਼ਖਮੀਆਂ ਨੂੰ ਨਰਸਰਾਓਪੇਟ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਪੁਲਸ ਨੇ ਕਿਹਾ ਕਿ ਹਾਦਸਾ ਵੈਨ ਡਰਾਈਵਰ ਦੇ ਸੌਣ ਕਾਰਨ ਹੋਇਆ।

### ਨੌਜਵਾਨ ਨੇ ਆਪਣੇ ਹੱਥੀਂ ਉਜਾੜ ਲਈ ਦੁਨੀਆ !

ਨੈਸ਼ਨਲ ਡੈਸਕ 24 ਨਵੰਬਰ। ਝਾਰਖੰਡ ਤੋਂ ਇਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਪੁਲਸ ਨੇ ਦੱਸਿਆ ਕਿ ਐਤਵਾਰ ਸਵੇਰੇ ਦੁਮਕਾ ਜ਼ਿਲ੍ਹੇ ਵਿੱਚ ਇੱਕ ਜੋੜਾ ਅਤੇ ਉਨ੍ਹਾਂ ਦੇ ਦੋ ਬੱਚੇ ਆਪਣੇ ਘਰ ਵਿੱਚ ਮ੍ਰਿਤਕ ਪਾਏ ਗਏ। ਇਹ ਘਟਨਾ ਹੰਸਡੀਹਾ ਪੁਲਸ ਸਟੇਸ਼ਨ ਅਧੀਨ ਆਉਂਦੇ ਬਰਦਾਹੀ ਪਿੰਡ ਵਿੱਚ ਵਾਪਰੀ, ਜਿੱਥੋਂ ਦੇ ਪੁਲਸ ਸਟੇਸ਼ਨ ਦੇ ਇੰਚਾਰਜ ਤਾਰਾਚੰਦ ਨੇ ਕਿਹਾ, ਅਸੀਂ ਘਰੋਂ ਚਾਰ ਲਾਸ਼ਾਂ ਬਰਾਮਦ ਕੀਤੀਆਂ ਹਨ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਵਿਅਕਤੀ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਅਤੇ ਦੋ ਬੱਚਿਆਂ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਫਿਰ ਖ਼ੁਦ ਫਾਹਾ ਲੈ ਲਿਆ।" ਉਨ੍ਹਾਂ ਅੱਗੇ ਕਿਹਾ ਕਿ ਫਿਲਹਾਲ ਮਾਮਲੇ ਦੀ ਜਾਂਚ ਜਾਰੀ ਹੈ।

## ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਮੰਤਰੀ ਤਰੁਣਪ੍ਰੀਤ ਸੌਂਦ ਤਲਬ

ਅੰਮ੍ਰਿਤਸਰ 24 ਨਵੰਬਰ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਹੋਰ ਸਿੱਖਾਂ ਦੀ ਸ਼ਹਾਦਤ ਦੀ ਸ਼ਤਾਬਦੀ ਮਨਾਉਣ ਸਮੇਂ ਧਾਰਮਿਕ ਮਰਿਆਦਾ ਦੀ ਉਲੰਘਣਾ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਨੂੰ ਤਲਬ ਕਰਕੇ ਸਪੱਸ਼ਟੀਕਰਨ ਮੰਗਿਆ ਹੈ। ਇਹ ਸਪੱਸ਼ਟੀਕਰਨ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਇਸ ਵਿਭਾਗ ਦੇ ਡਾਇਰੈਕਟਰ ਪਾਸੋਂ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਯਾਦਗਾਰ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਸਿਧਾਂਤਾਂ, ਪ੍ਰੰਪਰਾਵਾਂ ਤੇ ਮਰਿਆਦਾ ਵਿਰੁੱਧ ਪੇਸ਼ਕਾਰੀ ਕਰਨ ਦੇ ਦੋਸ਼ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਰਫ਼ੋਂ ਮੰਗਿਆ ਗਿਆ ਹੈ। ਕੈਬਨਿਟ



ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੂੰ ਆਪਣਾ ਸਪੱਸ਼ਟੀਕਰਨ ਇਕ ਹਫ਼ਤੇ ਦੇ ਅੰਦਰ-ਅੰਦਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਰੂਪ ਵਿਚ ਪੇਸ਼ ਹੋ ਕੇ ਦੇਣ ਲਈ ਆਖਿਆ ਗਿਆ ਹੈ ਜਦੋਂਕਿ ਵਿਭਾਗ ਦੇ ਡਾਇਰੈਕਟਰ ਲਿਖਤੀ ਰੂਪ ਵਿਚ ਸਪੱਸ਼ਟੀਕਰਨ ਭੇਜਣ ਦੇ ਆਦੇਸ਼ ਕੀਤੇ ਗਏ ਹਨ। ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵੱਲੋਂ ਕੈਬਨਿਟ ਮੰਤਰੀ ਅਤੇ ਵਿਭਾਗ ਦੇ ਡਾਇਰੈਕਟਰ ਨੂੰ ਦੋ ਵੱਖ-ਵੱਖ ਪੱਤਰ ਭੇਜੇ ਗਏ ਹਨ। ਇਨ੍ਹਾਂ ਪੱਤਰਾਂ ਵਿਚ ਆਖਿਆ ਗਿਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਈ ਸ਼ਿਕਾਇਤਾਂ ਪੁੱਜੀਆਂ ਹਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਵੀ ਮਰਿਆਦਾ ਦੀ ਉਲੰਘਣਾ ਸਬੰਧੀ ਦੋਸ਼ ਲਾਏ ਗਏ ਹਨ। ਪੱਤਰ ਵਿਚ ਭਾਈ ਜੈਤਾ ਜੀ ਯਾਦਗਾਰ ਵਿਖੇ ਅੰਮ੍ਰਿਤ ਸੰਚਾਰ ਸਬੰਧੀ ਬਣਾਈਆਂ ਗਈਆਂ ਤਸਵੀਰਾਂ ਬਾਰੇ ਇਤਰਾਜ਼ ਪ੍ਰਗਟ ਕੀਤਾ ਗਿਆ ਹੈ। ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੰਜ ਪਿਆਰਿਆਂ ਨੂੰ ਅੰਮ੍ਰਿਤ ਸੰਚਾਰ ਵੇਲੇ ਜੋੜੇ ਪਾਏ ਹੋਏ ਦਿਖਾਇਆ ਗਿਆ ਹੈ। ਇਨ੍ਹਾਂ ਵਿਚ ਹੋਰ ਵੀ ਕਈ ਖਾਮੀਆਂ ਦੱਸੀਆਂ ਗਈਆਂ ਹਨ। ਇਨ੍ਹਾਂ ਤਸਵੀਰਾਂ ਨੂੰ ਅੰਮ੍ਰਿਤ ਸੰਚਾਰ ਦੀ ਮਰਿਆਦਾ ਦੇ ਉਲਟ ਆਖਿਆ ਗਿਆ ਹੈ। ਇਸ ਮਾਮਲੇ ਵਿਚ ਕੈਬਨਿਟ ਮੰਤਰੀ ਨੂੰ ਨਿੱਜੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੇਸ਼ ਹੋ ਕੇ ਲਿਖਤੀ ਸਪੱਸ਼ਟੀਕਰਨ ਦੇਣ ਜਦੋਂ ਕਿ ਡਾਇਰੈਕਟਰ ਨੂੰ ਲਿਖਤੀ ਸਪਸ਼ਟੀਕਰਨ ਭੇਜਣ ਦੀ ਹਦਾਇਤ ਕੀਤੀ ਗਈ ਹੈ।

### ਪੰਜਾਬ 'ਚ ਹੈਰੋਇਨ ਦੀ ਵੱਡੀ ਰਿਕਵਰੀ

ਫਿਰੋਜ਼ਪੁਰ 24 ਨਵੰਬਰ। ਮੁੱਖ ਮੰਤਰੀ ਅਤੇ ਡੀ. ਜੀ. ਪੀ. ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ 'ਚ ਚਲਾਈ ਗਈ 'ਨਸ਼ੇ ਵਿਰੁੱਧ ਮੁਹਿੰਮ' ਤਹਿਤ ਐਂਟੀ ਨਾਰਕੋਟਿਕਸ ਟਾਸਕ ਫੋਰਸ ਫਿਰੋਜ਼ਪੁਰ ਰੇਂਜ ਦੀ ਪੁਲਸ ਨੇ ਇੱਕ ਨਸ਼ਾ ਤਸਕਰ ਨੂੰ ਪਾਕਿਸਤਾਨ ਤੋਂ ਮੰਗਵਾਈ ਗਈ ਕਰੀਬ 50 ਕਿੱਲੋ 14 ਗ੍ਰਾਮ ਹੈਰੋਇਨ ਦੀ ਵੱਡੀ ਖ਼ੇਪ ਸਣੇ ਸਰਹੱਦੀ ਪਿੰਡ ਰਾਓ ਕੇ ਹਿਠਾੜ ਨੇੜਿਓਂ ਗ੍ਰਿਫ਼ਤਾਰ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਨਸ਼ਾ ਤਸਕਰ ਹੈਰੋਇਨ ਦੀ ਡਲਿਵਰੀ ਲੈ ਕੇ ਪੰਜਾਬ ਨੰਬਰ ਦੀ ਕਾਰ 'ਤੇ ਜਾ ਰਿਹਾ ਸੀ। ਐਂਟੀ ਨਾਰਕੋਟਿਕਸ ਟਾਸਕ ਫੋਰਸ ਫਿਰੋਜ਼ਪੁਰ ਰੇਂਜ ਨੂੰ ਇਸ ਦੀ ਗੁਪਤ ਸੂਚਨਾ ਮਿਲੀ ਸੀ, ਜਿਸ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਟੀਮ ਨੇ ਉਸ ਨੂੰ ਕਾਬੂ ਕਰ ਲਿਆ ਅਤੇ ਉਸ ਦੀ ਕਾਰ 'ਚੋਂ 50 ਕਿੱਲੋ 14 ਗ੍ਰਾਮ ਹੈਰੋਇਨ ਬਰਾਮਦ ਹੋਈ। ਫੜ੍ਹੇ ਗਏ ਨਸ਼ਾ ਤਸਕਰ ਦੀ ਪਛਾਣ ਸੰਦੀਪ ਸਿੰਘ ਉਰਫ਼ ਸੀਪਾ ਪੁੱਤਰ ਛਿੰਦਰ ਸਿੰਘ ਵਾਸੀ ਪਿੰਡ ਚੈਨਾਰ ਸ਼ੇਰ ਸਿੰਘ ਤਲਵੰਡੀ ਚੌਧਰੀ. ਜ਼ਿਲ੍ਹਾ ਕਪੂਰਥਲਾ ਦੇ ਰੂਪ 'ਚ ਹੋਈ ਹੈ। ਜਾਣਕਾਰੀ ਮੁਤਾਬਕ ਫੜ੍ਹੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ ਕਰੀਬ 250 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਸ ਰਿਕਵਰੀ ਨੂੰ ਲੈ ਕੇ ਨਸ਼ਾ ਤਸਕਰ ਖ਼?ਲਾਫ਼ ਐੱਸ. ਏ. ਐੱਸ. ਨਗਰ ਮੋਹਾਲੀ 'ਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਪੁਲਸ ਵਲੋਂ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਵਾਤਾਵਰਣ, ਪਾਣੀ ਤੇ ਹਵਾ ਨੂੰ ਬਚਾਉਣ ਲਈ ਸਾਨੂੰ ਧਿਆਨ ਦੇਣ ਦੀ ਲੋੜ : ਸੰਤ ਸੀਚੇਵਾਲ

ਕੌਮੀ ਪਤ੍ਰਿਕਾ

ਸੁਲਤਾਨਪੁਰ ਲੋਧੀ 24 ਨਵੰਬਰ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦਿ ਵਰਕਿੰਗ ਜਰਨਲਿਸਟ ਐਸੋਸੀਏਸ਼ਨ ਸੁਲਤਾਨਪੁਰ ਲੋਧੀ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਅਤੇ ਸੁਲਤਾਨਪੁਰ ਲੋਧੀ ਦੇ ਸਮੁੱਚੇ ਪ੍ਰੈੱਸ ਕਲੱਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਅਤੇ ਆਯੋਜਿਤ ਗੁਰਮਤਿ ਸਮਾਗਮਾਂ ਦੌਰਾਨ ਡਟ ਕੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਸਮੇਂ ਗੱਲਬਾਤ ਦੌਰਾਨ ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਡਰੇਨਾਂ 'ਚ ਸੀਵਰੇਜ ਵੇਸਟ ਦੇ ਸਿੱਧੇ ਪ੍ਰਵਾਹ ਨੂੰ ਰੋਕਣ ਲਈ ਸਰਕਾਰੀ ਅਧਿਕਾਰੀਆਂ ਨੂੰ ਨਿਗਰਾਨ ਕਮੇਟੀਆਂ ਦਾ ਗਠਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਬਾਈਪਾਸ ਬੰਦ ਕਰਨ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਡਰੇਨ 'ਚ ਸਿਰਫ਼ ਸੋਧਿਆ ਪਾਣੀ ਜਾਣ ਨੂੰ ਯਕੀਨੀ ਬਣਾਇਆ ਜਾ ਸਕੇ। ਸੰਤ ਸੀਚੇਵਾਲ ਨੇ ਡਰੇਨੇਜ਼ ਵਿਭਾਗ ਅਤੇ ਨੈਸ਼ਨਲ ਹਾਈਵੇਅ ਅਥਾਰਿਟੀ ਦੇ ਅਧਿਕਾਰੀਆਂ ਨੂੰ ਕਾਲਾ ਸੰਘਿਆ ਡਰੇਨ ਦਾ ਸਾਂਝੇ ਤੌਰ 'ਤੇ ਦੌਰਾ ਕਰਨ ਲਈ ਕਿਹਾ ਤਾਂ ਜੋ ਇਸ 'ਚ ਆ ਰਹੀ ਤਕਨੀਕੀ ਰੁਕਾਵਟ ਨੂੰ ਜਲਦ ਤੋਂ ਜਲਦ ਦੂਰ ਕਰਕੇ 100 ਕਿਊਸਿਕ ਪਾਣੀ ਛੱਡਣ ਦਾ ਰਾਹ ਪੱਧਰਾ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਡਰੇਨ 'ਚ ਪੱਥਰ ਲੱਗਣ ਦੇ ਨਾਲ-ਨਾਲ ਪਾਣੀ ਛੱਡਣ ਲਈ ਚੈਨਲ ਦੇ ਨਿਰਮਾਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਸੁਲਤਾਨਪੁਰ ਲੋਧੀ ਨਗਰੀ ਦੀ ਸਫ਼ਾਈ ਲਈ ਅਧਿਕਾਰੀਆਂ ਅਤੇ ਨਗਰ ਕੌਂਸਲ ਵੱਲੋਂ ਧਿਆਨ



ਨਾ ਦੇਣ 'ਤੇ ਵੀ ਦੁੱਖ ਪ੍ਰਗਟਾਇਆ ਕਿ ਸਤਿਗੁਰੂ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਨਗਰੀ ਦੇ ਵਿਕਾਸ ਅਤੇ ਸਾਫ਼-ਸਫ਼ਾਈ ਲਈ ਕੋਈ ਅਧਿਕਾਰੀ ਧਿਆਨ ਨਹੀਂ ਦੇ ਰਿਹਾ। ਇਸ ਸਮੇਂ ਉਨ੍ਹਾਂ ਦਿ ਵਰਕਿੰਗ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਨੰਬਰਦਾਰ ਸੁਰਿੰਦਰਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਲਾਡੀ, ਬਲਵਿੰਦਰ ਸਿੰਘ ਧਾਲੀਵਾਲ, ਵਰੁਣ ਸ਼ਰਮਾ, ਨਰੇਸ਼ ਕੁਮਾਰ ਹੈਪੀ, ਮਾਸਟਰ ਜਗਮੋਹਨ ਸਿੰਘ ਜਾਂਗਲਾ, ਖਜ਼ਾਨਚੀ ਸਿਮਰਨਪ੍ਰੀਤ ਸਿੰਘ ਸੰਧੂ, ਕੁਲਬੀਰ ਸਿੰਘ ਮਿੰਟੂ, ਰਾਕੇਸ਼ ਕੁਮਾਰ ਤੇ ਪਾਲ ਸਿੰਘ ਨੌਲੀ ਪੀ. ਏ. ਸੰਤ ਸੀਚੇਵਾਲ ਦਾ ਵਿਸ਼ੇਸ਼ ਸਨਮਾਨ ਸਿਰੋਪਾਓ ਦੇ ਕੇ ਕੀਤਾ। ਸੰਤ ਸੀਚੇਵਾਲ ਨੇ ਸਮੂਹ ਸੰਗਤਾਂ ਨੂੰ ਕਿਹਾ ਕਿ ਇਸ ਸਮੇਂ ਵਾਤਾਵਰਣ, ਪਾਣੀ ਤੇ ਹਵਾ ਨੂੰ ਬਚਾਉਣ ਲਈ ਸਾਨੂੰ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਸਾਡੇ ਕੁਦਰਤੀ ਸਰੋਤ ਪ੍ਰਦੂਸ਼ਣ ਨਾਲ ਪਲੀਤ ਹੋ ਰਹੇ ਹਨ।

## ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਖੜਕਾਇਆ ਹਾਈਕੋਰਟ ਦਾ ਦਰਵਾਜ਼ਾ

ਕੌਮੀ ਪਤ੍ਰਿਕਾ

ਚੰਡੀਗੜ੍ਹ/ਕਪੂਰਥਲਾ 24 ਨਵੰਬਰ। ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜ੍ਹਕਾਇਆ ਹੈ। ਉਨ੍ਹਾਂ ਪੰਜਾਬ ਸਰਕਾਰ, ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਅਤੇ ਉਸ ਦੇ ਚੇਅਰਮੈਨ ਜਸਬੀਰ ਸਿੰਘ ਗੜ੍ਹੀ ਦੇ ਖ਼?ਲਾਫ਼ ਗੰਭੀਰ ਦੋਸ਼ ਲਗਾਏ ਹਨ। ਵੜਿੰਗ ਦਾ ਦੋਸ਼ ਹੈ ਕਿ ਕਮਿਸ਼ਨ ਨੇ ਆਪਣੀਆਂ ਸੰਵਿਧਾਨਕ ਸੀਮਾਵਾਂ ਦੀ ਉਲੰਘਣਾ ਕਰਦੇ ਹੋਏ ਨਾ ਸਿਰਫ਼ ਉਨ੍ਹਾਂ ਵਿਰੁੱਧ ਐੱਫ਼. ਆਈ. ਆਰ. ਵਿੱਚ ਦਖ਼ਲ ਦਿੱਤਾ ਸਗੋਂ ਚੋਣਾਵੀ ਮੌਸਮ ਦੌਰਾਨ ਜਾਣਬੁੱਝ ਕੇ ਰਾਜਨੀਤਿਕ ਰਣਨੀਤੀ ਦੇ ਤਹਿਤ ਉਨ੍ਹਾਂ ਖ਼?ਲਾਫ਼ ਮੀਡੀਆ ਟ?ਰਾਇਲ ਚਲਾਇਆ। ਪਟੀਸ਼ਨ ਦੇ ਮੁਤਾਬਕ ਇਹ ਮਾਮਲਾ 11 ਨਵੰਬਰ 2025 ਨੂੰ ਹੋਣ ਵਾਲੀ ਤਰਨਤਾਰਨ ਜ਼ਿਮਨੀ ਚੋਣ ਨਾਲ ਸਬੰਧਤ ਹੈ। ਵੜਿੰਗ ਨੇ 3 ਨਵੰਬਰ ਨੂੰ ਇਕ ਜਨਤਕ ਇਕੱਠ ਵਿੱਚ ਭਾਸ਼ਣ ਦਿੱਤਾ ਸੀ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਦੇ ਕਈ ਨੇਤਾਵਾਂ ਦਾ ਜ਼ਿਕਰ ਕੀਤਾ ਸੀ। ਵਿਰੋਧੀ ਪਾਰਟੀਆਂ ਨੇ ਇਸ ਭਾਸ਼ਣ ਨੂੰ ਜਾਣਬੁੱਝ ਕੇ ਤੋੜ-ਮਰੋੜ ਕੇ ਪੇਸ਼ ਕੀਤਾ ਅਤੇ ਉਸੇ ਦਿਨ ਉਨ੍ਹਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ। 4 ਨਵੰਬਰ ਨੂੰ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਕਪੂਰਥਲਾ ਵਿੱਚ ਐੱਸ. ਸੀ/ਐੱਸ. ਟੀ ਐਕਟ ਅਤੇ ਹੋਰ ਦੋਸ਼ਾਂ ਤਹਿਤ ਇਕ ਐੱਫ਼. ਆਈ.



ਆਰ. ਦਰਜ ਕੀਤੀ ਗਈ ਸੀ। ਵੜਿੰਗ ਦਾ ਦੋਸ਼ ਹੈ ਕਿ ਐੱਫ਼. ਆਈ. ਆਰ. ਦਰਜ ਹੋਣ ਤੋਂ ਤੁਰੰਤ ਬਾਅਦ ਅਨੁਸੂਚਿਤ ਜਾਤੀ ਕਮਿਸ਼ਨ ਨੇ ਨੋਟਿਸ ਲਿਆ ਅਤੇ ਕਾਰਵਾਈ ਸ਼ੁਰੂ ਕੀਤੀ, ਰਿਟਰਨਿੰਗ ਅਫ਼ਸਰ ਅਤੇ ਡੀ. ਐੱਸ. ਪੀ. ਕਪੂਰਥਲਾ ਨੂੰ ਤਲਬ ਕੀਤਾ। ਕਮਿਸ਼ਨ ਦੇ ਚੇਅਰਮੈਨ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਪੁਲਸ 'ਤੇ ਦਬਾਅ ਬਣਾ ਕੇ ਰਾਜਾ ਵੜਿੰਗ ਦੀ ਗ੍ਰਿਫ਼ਤਾਰੀ ਯਕੀਨੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪੂਰੀ ਕਾਰਵਾਈ ਇੰਟਰਨੈੱਟ ਮੀਡੀਆ 'ਤੇ ਪ੍ਰਸਾਰਿਤ ਕੀਤੀ, ਜਿਸ ਵਿਚ ਚੋਣਾਵੀ ਮਾਹੌਲ ਵਿਚ ਉਨ੍ਹਾਂ ਦੇ ਸਿਆਸੀ ਅਕਸ ਨੂੰ ਨੁਕਸਾਨ ਪਹੁੰਚਿਆ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਕਮਿਸ਼ਨ ਦੀ ਦਖ਼ਲਅੰਦਾਜ਼ੀ ਕਾਨੂੰਨੀ ਤੌਰ 'ਤੇ ਗਲਤ ਹੈ, ਕਿਉਂਕਿ ਇਹ ਚੱਲ ਰਹੀ ਪੁਲਸ ਜਾਂਚ ਵਿੱਚ ਦਖ਼ਲ ਨਹੀਂ ਦੇ ਸਕਦਾ। ਵੜਿੰਗ ਨੇ ਸੁਪਰੀਮ ਕੋਰਟ ਦੇ ਇਕ ਫ਼ੈਸਲੇ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਮੀਡੀਆ ਟ?ਰਾਇਲ ਦੋਸ਼ੀ ਦੀ ਬੇਕਸੂਰ ਦੀ ਕਾਨੂੰਨੀ ਧਾਰਨਾ ਨੂੰ ਨਸ਼ਟ ਕਰਦੇ ਹਨ। ਰਾਜਾ ਵੜਿੰਗ ਨੇ ਹਾਈਕੋਰਟ ਤੋਂ ਰਾਹਤ ਮੰਗਦੇ ਹੋਏ ਕਮਿਸ਼ਨ ਦੀ 3 ਅਤੇ 4 ਨਵੰਬਰ ਦੀਆਂ ਕਾਰਵਾਈਆਂ ਨੂੰ ਰੱਦ ਕਰਨ, ਕਮਿਸ਼ਨ ਨੂੰ ਐੱਫ਼. ਆਈ.ਆਰ. ਦੀ ਜਾਂਚ ਵਿਚ ਦਖ਼ਲਅੰਦਾਜ਼ੀ ਕਰਨ ਤੋਂ ਰੋਕਣ ਅਤੇ ਚੱਲ ਰਹੀਆਂ ਸਾਰੀਆਂ ਕਾਰਵਾਈਆਂ 'ਤੇ ਰੋਕ ਲਗਾਉਣ ਦੀ ਮੰਗ ਕੀਤੀ। ਪਟੀਸ਼ਨ ਦੇ ਅਨੁਸਾਰ ਇਹ ਸਾਰਾ ਮਾਮਲਾ ਰਾਜਨੀਤਿਕ ਬਦਲਾਖੋਰੀ ਦੇ ਬਰਾਬਰ ਹੈ, ਜਿਸ ਦਾ ਉਦੇਸ਼ ਰਾਜਾ ਵੜਿੰਗ ਨੂੰ ਜ਼ਿਮਨੀ ਚੋਣ ਮੁਹਿੰਮ ਤੋਂ ਦੂਰ ਰੱਖਣਾ ਅਤੇ ਉਨ੍ਹਾਂ ਦੇ ਅਕਸ ਨੂੰ ਨੁਕਸਾਨ ਪਹੁੰਚਾਉਣਾ ਹੈ। ਪਟੀਸ਼ਨ ਹਾਈਕੋਰਟ ਰਜਿਸਟਰੀ ਵਿੱਚ ਦਾਇਰ ਕੀਤੀ ਗਈ ਹੈ ਅਤੇ ਜਲਦੀ ਹੀ ਸੁਣਵਾਈ ਲਈ ਸੂਚੀਬੱਧ ਹੋਣ ਦੀ ਸੰਭਾਵਨਾ ਹੈ।

### ਸੰਤ ਰਾਮਪਾਲ ਜੀ ਦੀ 'ਅੰਨ ਪੂਰਨਾ ਮੁਹਿੰਮ' ਤਹਿਤ ਵੱਡੀ ਰਾਹਤ 9 ਹੋਰ ਲਾਚਾਰ ਪਰਿਵਾਰਾਂ ਦੀ ਬਾਂਹ ਫੜ੍ਹੀ ਸੰਤ ਰਾਮਪਾਲ ਜੀ ਮਾਨਵਤਾ ਸੇਵਾ ਦੇ ਮਸੀਹਾ : ਵਿਧਾਇਕ ਨਰੇਸ਼ ਕਟਾਰੀਆ

ਸੰਗਰੂਰ, 24 ਨਵੰਬਰ: ਜਗਤਗੁਰੂ ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਵਲੋਂ ਸ਼ੁਰੂ ਕੀਤੀ ਗਈ ਅੰਨਪੂਰਨਾ ਮੁਹਿੰਮ ਤਹਿਤ ਜ਼ੀਰਾ ਸ਼ਹਿਰ ਵਿੱਚ ਸਮਾਜਿਕ ਭਲਾਈ ਦੇ ਉਦੇਸ਼ ਅਤੇ ਮਾਨਵਤਾ ਦੀ ਨਿਸਵਾਰਥ ਤੇ ਨਿਸ਼ਕਾਮ ਸੇਵਾ ਰਾਹੀਂ 9 ਹੋਰ ਲਾਚਾਰ ਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਨੂੰ ਰਾਸ਼ਨ ਸਮਗਰੀ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਪਹਿਲਾਂ ਪਿਛਲੇ ਮਹੀਨੇ ਵੀ ਜ਼ੀਰਾ ਦੇ 08 ਪਰਿਵਾਰਾਂ ਦੀ ਸਹਾਇਤਾ ਅੰਨਪੂਰਨਾ ਮੁਹਿੰਮ ਤਹਿਤ ਸ਼ੁਰੂ ਕੀਤੀ ਗਈ ਸੀ। ਇਸ ਮੌਕੇ ਹਲਕਾ ਜ਼ੀਰਾ ਦੇ ਵਿਧਾਇਕ ਸ਼੍ਰੀ ਨਰੇਸ਼ ਕਟਾਰੀਆ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸੰਤ ਰਾਮਪਾਲ ਜੀ ਮਹਾਰਾਜ ਦੇ ਇਸ ਪਵਿੱਤਰ ਕਾਰਜ ਦੀ ਭਰਪੂਰ ਪ੍ਰਸ਼ੰਸਾ ਕੀਤੀ। ਵਿਧਾਇਕ ਕਟਾਰੀਆ ਨੇ ਕਿਹਾ ਕਿ ਸੰਤ ਰਾਮਪਾਲ ਜੀ ਦੀ ਇਸ ਮੁਹਿੰਮ ਨਾਲ ਨਾ ਸਿਰਫ਼ ਲੋੜਵੰਦਾਂ ਨੂੰ ਸਹਾਰਾ ਮਿਲ ਰਿਹਾ ਹੈ, ਬਲਕਿ ਸਮਾਜ ਵਿੱਚ ਆਪਸੀ ਭਾਈਚਾਰੇ ਦਾ ਸੁਨੇਹਾ ਵੀ ਫੈਲਦਾ ਹੈ। ਉਨ੍ਹਾਂ ਨੇ ਕਿਹਾ ਕਿ ਲਾਚਾਰ, ਬੇਬਸ ਅਤੇ ਬਿਮਾਰਾਂ ਦੀ ਇਹ ਸੇਵਾ ਸਭ ਤੋਂ ਵੱਡੀ ਮਨੁੱਖਤਾ ਹੈ ਅਤੇ ਇਸ ਕਾਰਜ ਵਿੱਚ ਸ਼ਾਮਲ ਸਾਰੇ ਸੇਵਾਦਾਰ ਪ੍ਰਸ਼ੰਸਾ ਦੇ ਪਾਤਰ ਹਨ। ਉਹਨਾਂ ਨੇ ਕਿਹਾ ਕਿ ਅੰਨਪੂਰਨਾ ਮੁਹਿੰਮ, ਹੜ੍ਹ ਪੀੜਤਾਂ ਦੀ ਮਦਦ, ਦਹੇਜ ਦੇ ਖਿਲਾਫ ਅਭਿਆਨ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਆਦਿ ਕਾਰਜ ਸਿੱਧ ਕਰਦੇ ਹਨ ਕਿ ਸੰਤ ਰਾਮਪਾਲ ਜੀ ਮਹਾਰਾਜ ਮਾਨਵਤਾ ਦੀ ਸੇਵਾ ਦੇ ਮਸੀਹਾ ਹਨ। ਪਰਿਵਾਰਾਂ ਨੂੰ ਦਿੱਤੀ ਜਾ ਰਹੀ ਰਾਸ਼ਨ ਸਮਗਰੀ ਵਿੱਚ ਆਟਾ, ਦਾਲਾਂ, ਚੀਨੀ, ਸਰੋਂ ਦਾ ਤੇਲ, ਨਮਕ , ਜ਼ੀਰਾ , ਮਸਾਲੇ ਅਤੇ ਸਾਬਣ ਸ਼ਰਫ਼ ਆਦਿ ਸਮੇਤ 23 ਪ੍ਰਕਾਰ ਦਾ ਹੋਰ ਜ਼ਰੂਰੀ ਘਰੇਲੂ ਸਮਾਨ ਸ਼ਾਮਲ ਸੀ। ਸੇਵਾਦਾਰਾਂ ਨੇ ਦੱਸਿਆ ਕਿ ਇਹ ਮੁਹਿੰਮ ਅਗਲੇ ਸਮੇਂ ਵਿੱਚ ਹੋਰ ਪਿੰਡਾਂ ਤੱਕ ਵੀ ਵਧਾਈ ਜਾਵੇਗੀ ਤਾਂ ਜੋ ਵੱਧ ਤੋਂ ਵੱਧ ਲੋੜਵੰਦ ਪਰਿਵਾਰਾਂ ਤੱਕ ਸਹਾਇਤਾ ਪਹੁੰਚ ਸਕੇ। ਸੇਵਾਦਾਰਾਂ ਨੇ ਮੀਡੀਆ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਸੰਤ ਰਾਮਪਾਲ ਜੀ ਮਹਾਰਾਜ ਨੇ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਅਨਪੂਰਨ ਤਹਿਤ ਹਜ਼ਾਰਾਂ ਲਾਚਾ ਪਰਿਵਾਰਾਂ ਨੂੰ ਸਹਾਰਾ ਦਿੱਤਾ ਹੈ ਪਿਛਲੇ ਦਿਨਾਂ ਵਿੱਚ ਪੂਰੇ ਉੱਤਰੀ ਭਾਰਤ ਵਿੱਚ ਹੜ੍ਹਾਂ ਦੇ ਕਹਿਰ ਦੌਰਾਨ ਸੰਤ ਰਾਮਪਾਲ ਜੀ ਮਹਾਰਾਜ ਜੀ ਦੇ ਸੇਵਾਦਾਰਾਂ ਵੱਲੋਂ ਘਰ ਘਰ ਪਹੁੰਚ ਕਰਕੇ ਜ਼ਰੂਰਤਮੰਦ ਲੋਕਾਂ ਦੀ ਮਦਦ ਕੀਤੀ ਗਈ

## ਭਾਰਤ 'ਚ ਡਿਮੇਨਸ਼ੀਆ ਬਣੀ ਵੱਡੀ ਚਿੰਤਾ ! 88 ਲੱਖ ਤੋਂ ਵੱਧ ਬਜ਼ੁਰਗ ਪ੍ਰਭਾਵਿਤ

ਏਜੰਸੀਆਂ

ਨਵੀਂ ਦਿੱਲੀ 24 ਨਵੰਬਰ। ਭਾਰਤ ਵਿੱਚ ਬਜ਼ੁਰਗ ਆਬਾਦੀ ਦੇ ਵਧਣ ਦੇ ਨਾਲ ਹੀ ਡਿਮੇਨਸ਼ੀਆ ਇਕ ਮਹਾਂਮਾਰੀ ਵਾਂਗ ਘਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ, ਜਿਸ ਕਾਰਨ ਲੱਖਾਂ ਪਰਿਵਾਰ ਤੰਗ ਹੋ ਚੁੱਕੇ ਹਨ ਅਤੇ ਭਾਰਤ ਦਾ ਸਿਹਤ ਸੰਭਾਲ ਢਾਂਚਾ ਇਸ ਸੰਕਟ ਲਈ ਬਿਲਕੁਲ ਅਣਜਾਣ ਹੈ। ਸਿਹਤ ਮਾਹਿਰਾਂ ਅਨੁਸਾਰ, ਇਸ ਸਮੇਂ 8.8 ਮਿਲੀਅਨ (ਲਗਭਗ 88 ਲੱਖ) ਤੋਂ ਵੱਧ ਭਾਰਤੀ ਜਿਨ੍ਹਾਂ ਦੀ ਉਮਰ 60 ਸਾਲ ਜਾਂ ਇਸ ਤੋਂ ਵੱਧ ਹੈ, ਡਿਮੇਨਸ਼ੀਆ ਤੋਂ ਪੀੜਤ ਹਨ। ਇਹ ਅੰਕੜਾ 2036 ਤੱਕ ਲਗਭਗ 17 ਮਿਲੀਅਨ (1.7 ਕਰੋੜ) ਤੱਕ ਪਹੁੰਚਣ ਦੀ ਉਮੀਦ ਹੈ। ਲੋਕਾਂ ਦੀ ਲੰਬੀ ਉਮਰ, ਲੰਮੇ ਸਮੇਂ ਤੋਂ ਚੱਲ ਰਹੀਆਂ ਜੀਵਨ ਸ਼ੈਲੀ ਦੀਆਂ ਬਿਮਾਰੀਆਂ, ਸਮਾਜਿਕ ਇਕਾਂਤ, ਅਤੇ ਪਰਿਵਾਰਕ ਢਾਂਚਿਆਂ ਦਾ ਟੁੱਟਣਾ ਇਸ ਡਿਮੇਨਸ਼ੀਆ ਸੰਕਟ ਨੂੰ ਜਨਮ ਦੇ ਰਿਹਾ ਹੈ। ਜਿਵੇਂ-ਜਿਵੇਂ ਪਰਿਵਾਰ ਛੋਟੇ ਹੋ ਰਹੇ ਹਨ , ਉਮਰਦਰਾਜ਼ ਮਾਪੇ ਅਕਸਰ ਜਾਣੀਆਂ-ਪਛਾਣੀਆਂ ਗਲੀਆਂ 'ਚ ਗੁੰਮ ਹੋ ਜਾਂਦੇ ਹਨ ਜਾਂ ਆਪਣੇ ਪਿਆਰਿਆਂ ਦੇ ਨਾਮ ਭੁੱਲ ਜਾਂਦੇ ਹਨ। ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਦੇਸ਼ 'ਚ ਡਿਮੇਨਸ਼ੀਆ ਦੀ ਦੇਖਭਾਲ ਲਈ ਢੁਕਵਾਂ ਬੁਨਿਆਦੀ ਢਾਂਚਾ ਨਹੀਂ ਹੈ: ਵਿਸ਼ੇਸ਼ ਕੇਂਦਰਾਂ ਦੀ ਕਮੀ : ਦੇਸ਼ ਭਰ ਵਿੱਚ 50 ਤੋਂ ਵੀ ਘੱਟ ਵਿਸ਼ੇਸ਼ ਡਿਮੇਨਸ਼ੀਆ ਕੇਅਰ ਸੈਂਟਰ ਮੌਜੂਦ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੇਂਦਰ ਵੱਡੇ ਸ਼ਹਿਰਾਂ ਵਿੱਚ ਹਨ ਅਤੇ ਨਿੱਜੀ ਹਸਪਤਾਲਾਂ ਜਾਂ ਗੈਰ-ਲਾਭਕਾਰੀ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਹਨ। ਪੇਂਡੂ ਖੇਤਰਾਂ 'ਚ ਸੰਘਰਸ਼ : ਪੇਂਡੂ ਅਤੇ ਅਰਧ-ਸ਼ਹਿਰੀ ਭਾਰਤ 'ਚ ਲੱਖਾਂ ਪਰਿਵਾਰ ਤੇ ਬਜ਼ੁਰਗ ਇਕੱਲੇ ਹੀ ਸੰਘਰਸ਼ ਕਰਨ ਲਈ ਮਜਬੂਰ ਹਨ। ਰਾਸ਼ਟਰੀ ਨੀਤੀ ਦੀ ਘਾਟ: ਡਿਮੇਨਸ਼ੀਆ ਲਈ ਕੋਈ ਰਾਸ਼ਟਰੀ ਨੀਤੀ ਜਾਂ ਜਨਤਕ ਸਿਹਤ ਪ੍ਰੋਗਰਾਮਾਂ 'ਚ ਇਸਦੀ ਕੋਈ ਅਰਥਪੂਰਨ ਮੌਜੂਦਗੀ ਨਹੀਂ ਹੈ। ਭਾਰਤੀ ਸੱਭਿਆਚਾਰ 'ਚ ਬਜ਼ੁਰਗ ਮਾਪਿਆਂ ਦੀ ਦੇਖਭਾਲ ਘਰ 'ਚ ਕਰਨ ਦੀ ਰਵਾਇਤ ਹੈ, ਪਰ ਪਰਿਵਾਰਕ ਮੈਂਬਰ (ਖਾਸ ਕਰਕੇ ਔਰਤਾਂ) ਅਕਸਰ ਅਣਸਿਖਿਅਤ, ਭਾਵਨਾਤਮਕ ਤੌਰ 'ਤੇ ਖਿੱਚੇ ਗਏ ਤੇ ਦੋਸ਼ ਦੀ ਭਾਵਨਾ 'ਚ ਡੁੱਬੇ ਰਹਿੰਦੇ ਹਨ। ਦੇਖਭਾਲ ਕਰਨ ਵਾਲੇ ਇਹ ਅਹਿਸਾਸ ਕਰ ਰਹੇ ਹਨ ਕਿ ਡਿਮੇਨਸ਼ੀਆ ਦਾ ਕੋਈ ਇਲਾਜ ਨਹੀਂ ਹੈ। ਸਿਹਤ ਤੇ ਨਰਸਿੰਗ ਸਹਾਇਕ ਵੀ ਅਕਸਰ ਡਿਮੇਨਸ਼ੀਆ ਵਾਲੇ ਲੋਕਾਂ ਦੀ ਦੇਖਭਾਲ ਲਈ ਸਿਖਲਾਈ ਪ੍ਰਾਪਤ ਨਹੀਂ ਹੁੰਦੇ ਹਨ। ਰਿਸਰਚ ਸਾਇੰਟਿਸਟ ਮਨਵੀਨ ਕੌਰ ਨੇ ਚੇਤਾਵਨੀ ਦਿੱਤੀ ਕਿ ਜਦੋਂ ਇੱਕ ਔਰਤ - ਜੋ ਰਵਾਇਤੀ ਦੇਖਭਾਲ ਕਰਨ ਵਾਲੀ ਹੁੰਦੀ ਹੈ - ਨੂੰ ਡਿਮੇਨਸ਼ੀਆ ਹੋ ਜਾਂਦਾ ਹੈ ਤਾਂ ਪਰਿਵਾਰ ਦਾ ਪੂਰਾ ਢਾਂਚਾ ਢਹਿ ਜਾਂਦਾ ਹੈ।

## ਈ-ਚਲਾਨ ਪ੍ਰਣਾਲੀ ਲਾਗੂ ਕਰਨ 'ਚ ਹੁਣ ਨਹੀਂ ਚੱਲੇਗੀ ਟਾਲ-ਮਟੋਲ, ਹਾਈ ਕੋਰਟ ਨੇ ਦਿੱਤੇ ਹੁਕਮ

ਕੌਮੀ ਪਤ੍ਰਿਕਾ

ਚੰਡੀਗੜ੍ਹ 24 ਨਵੰਬਰ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਾਫ਼ ਕਿਹਾ ਕਿ ਈ-ਚਲਾਨ ਪ੍ਰਣਾਲੀ ਲਾਗੂ ਕਰਨ 'ਚ ਹੁਣ ਟਾਲ-ਮਟੋਲ ਨਹੀਂ ਚੱਲੇਗੀ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਸੰਜੀਵ ਬੇਰੀ ਦੀ ਬੈਂਚ ਨੇ ਇਹ ਹੁਕਮ ਪੰਜਾਬ 'ਚ ਈ-ਚਲਾਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਸਬੰਧੀ ਦਾਖ਼ਲ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਦਿੱਤੇ। ਪਟੀਸ਼ਨ 'ਚ ਕਿਹਾ ਗਿਆ ਸੀ ਕਿ 2019 'ਚ ਮੋਟਰ ਵਹੀਕਲ ਐਕਟ 'ਚ ਸੋਧ ਤੋਂ ਬਾਅਦ ਈ-ਚਲਾਨਾਂ ਦੀ ਗਿਣਤੀ ਵਧ ਗਈ ਹੈ ਪਰ ਚਲਾਨ ਭਰਨ ਲਈ ਹੁਣ ਵੀ ਲੋਕਾਂ ਨੂੰ ਅਦਾਲਤਾਂ ਜਾਂ ਦਫ਼ਤਰਾਂ 'ਚ ਸਰੀਰਕ ਤੌਰ 'ਤੇ ਹਾਜ਼ਰ ਹੋਣਾ ਪੈਂਦਾ ਹੈ। ਪਟੀਸ਼ਨ 'ਚ ਤਰਕ ਦਿੱਤਾ ਗਿਆ ਕਿ ਹਰਿਆਣਾ, ਰਾਜਸਥਾਨ, ਹਿਮਾਚਲ, ਜੰਮੂ ਕਸ਼ਮੀਰ ਤੇ ਚੰਡੀਗੜ੍ਹ 'ਚ ਕੌਮੀ ਵਰਚੂਅਲ ਕੋਰਟ ਪੋਰਟਲ ਪਹਿਲਾਂ ਤੋਂ ਲਾਗੂ ਹਨ, ਜਿਸ ਰਾਹੀਂ ਲੋਕ ਛੋਟੇ-ਮੋਟੇ ਚਲਾਨਾਂ ਦਾ ਆਨਲਾਈਨ ਭੁਗਤਾਨ ਕਰ ਸਕਦੇ ਹਨ। ਪੰਜਾਬ 'ਚ ਇਸ ਦੇਰੀ ਨੂੰ 'ਸਮਝ ਤੋਂ ਬਾਹਰ' ਦੱਸਦਿਆਂ ਸੂਬੇ ਭਰ 'ਚ ਸਿਸਟਮ ਲਾਗੂ ਕਰਨ ਦੀ ਮੰਗ ਕੀਤੀ ਗਈ। ਸੁਣਵਾਈ ਦੌਰਾਨ ਐੱਨ.ਆਈ.ਸੀ. ਵੱਲੋਂ ਦੱਸਿਆ ਗਿਆ ਕਿ ਇਸ ਸਮੇਂ ਐੱਚ.ਐੱਲ.ਆਰ. ਈ-ਚਲਾਨ ਐਪਲੀਕੇਸ਼ਨ ਕੇਵਲ ਮੋਹਾਲੀ 'ਚ ਕੰਮ ਕਰ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਟਰਾਂਸਪੋਰਟ ਵਿਭਾਗ ਨੇ ਹੁਣ ਤੱਕ ਹੋਰ ਜ਼ਿਲ੍ਹਿਆਂ ਲਈ ਰਸਮੀ ਅਪੀਲ ਨਹੀਂ ਭੇਜੀ। ਐੱਨ.ਆਈ.ਸੀ. ਅਧਿਕਾਰੀਆਂ ਨੇ ਕਿਹਾ ਕਿ ਜਿਸ ਵੀ ਜ਼ਿਲ੍ਹੇ ਲਈ ਸੂਬਾ ਅਪੀਲ ਭੇਜੇਗਾ, ਉੱਥੇ ਐਪਲੀਕੇਸ਼ਨ ਦੋ ਹਫ਼ਤਿਆਂ ਅੰਦਰ



ਸਰਗਰਮ ਕਰ ਦਿੱਤੀ ਜਾਵੇਗੀ। ਐੱਨ.ਆਈ.ਸੀ. ਨੇ ਇਹ ਵੀ ਸਪੱਸ਼ਟ ਕੀਤਾ ਕਿ ਈ-ਚਲਾਨ ਲਾਗੂ ਕਰਨ ਦੀ ਪ੍ਰਕਿਰਿਆ ਦੋ ਹਿੱਸਿਆਂ 'ਚ ਵੰਡੀ ਹੈ। ਪਹਿਲਾ, ਜਨਰਲ ਲਾਈਨ ਐਪਲੀਕੇਸ਼ਨ ਜਿਸ ਦਾ ਸੈੱਟਅਪ ਈ-ਕਮੇਟੀ ਦੀ ਮਨਜ਼ੂਰੀ ਤੋਂ ਬਗ਼ੈਰ ਤੁਰੰਤ ਕੀਤਾ ਜਾ ਸਕਦਾ ਹੈ। ਬਸ ਸੂਬੇ ਨੂੰ ਅਪੀਲ ਤੇ ਬੁਨਿਆਦੀ ਢਾਂਚਾ ਦੇਣਾ ਪਵੇਗਾ। ਦੂਜਾ ਹਿੱਸਾ ਉਹ ਵਿਸ਼ੇਸ਼ ਮਡਿਊਲ ਹੈ ਜਿਸ ਦੀ ਮੰਗ ਸੂਬੇ ਨੇ ਕੀਤੀ ਹੈ, ਜਿਸ ਲਈ ਈ-ਕਮੇਟੀ ਦੀ ਮਨਜ਼ੂਰੀ ਜ਼ਰੂਰੀ ਹੈ। ਇਹ ਪ੍ਰਕਿਰਿਆ ਰਜਿਸਟਰਾਰ ਜਨਰਲ ਤੇ ਹਾਈ ਕੋਰਟ ਦੀ ਟੀਮ ਰਾਹੀਂ ਅੱਗੇ ਵਧਾਈ ਜਾਵੇਗੀ। ਸੁਣਵਾਈ ਦੌਰਾਨ ਇਹ ਸੁਝਾਅ ਵੀ ਰੱਖਿਆ ਗਿਆ ਕਿ ਰਜਿਸਟਰਾਰ ਜਨਰਲ ਨੂੰ ਜ਼ਰੂਰੀ ਧਿਰ ਬਣਾਇਆ ਜਾਵੇ ਤਾਂ ਕਿ ਪੂਰਾ ਮਾਮਲਾ ਈ-ਕਮੇਟੀ ਤੱਕ ਠੀਕ ਤਰ੍ਹਾਂ ਪਹੁੰਚ ਸਕੇ। ਐੱਨ.ਆਈ.ਸੀ. ਨੇ ਇਕ ਵਾਰ ਫਿਰ ਦੁਹਰਾਇਆ ਕਿ ਮੂਲ ਈ-ਚਲਾਨ ਐਪਲੀਕੇਸ਼ਨ ਤੁਰੰਤ ਲਾਗੂ ਕੀਤੀ ਜਾ ਸਕਦੀ ਹੈ ਬਸ਼ਰਤੇ ਸੂਬਾ ਰਸਮੀ ਅਪੀਲ ਭੇਜ ਦੇਵੇ। ਸੂਬੇ ਵੱਲੋਂ ਪੇਸ਼ ਵਕੀਲ ਨੇ ਦੱਸਿਆ ਕਿ ਜਲੰਧਰ ਤੇ ਅੰਮ੍ਰਿਤਸਰ 'ਚ ਈ-ਚਲਾਨ ਨਾਲ ਜੁੜਿਆ ਜ਼ਿਆਦਾਤਰ ਤਕਨੀਕੀ ਕੰਮ ਪੂਰਾ ਹੋ ਚੁੱਕਿਆ ਹੈ। ਲੁਧਿਆਣਾ 'ਚ ਕੈਮਰੇ ਤੇ ਉਪਕਰਨ ਇੰਸਟਾਲ ਕਰ ਦਿੱਤੇ ਗਏ ਹਨ। ਉਨ੍ਹਾਂ ਮੰਨਿਆ ਕਿ ਕੁਝ ਤਕਨੀਕੀ ਦਿੱਕਤਾਂ ਕਾਰਨ ਦੇਰੀ ਹੋਈ ਹੈ ਪਰ ਸੂਬਾ ਪੂਰੀ ਤਰ੍ਹਾਂ ਵਚਨਬੱਧ ਹੈ ਕਿ ਸਾਰੇ ਜ਼ਿਲ੍ਹਿਆਂ 'ਚ ਈ-ਚਲਾਨ ਲਈ ਜ਼ਰੂਰੀ ਢਾਂਚਾ ਮੁਹੱਈਆ ਕਰਵਾਇਆ ਜਾਵੇ। ਅਦਾਲਤ ਨੇ ਸਟੇਟਸ ਰਿਪੋਰਟ 'ਤੇ ਵੀ ਨਾਰਾਜ਼ਗੀ ਜ਼ਾਹਿਰ ਕੀਤੀ ਤੇ ਪੁੱਛਿਆ ਕਿ ਪਹਿਲਾਂ ਦਾਖ਼ਲ ਰਿਪੋਰਟਾਂ 'ਚ ਇਨ੍ਹਾਂ ਨੁਕਤਿਆਂ ਦਾ ਜ਼ਿਕਰ ਕਿਉਂ ਨਹੀਂ ਸੀ। ਸੂਬੇ ਨੇ ਕਿਹਾ ਕਿ ਇਹ ਵਿਕਾਸ ਹਾਲ ਹੀ 'ਚ ਹੋਏ ਹਨ ਤੇ ਪੈਰਾਵਾਈਜ਼ ਜਵਾਬ ਦੇਣ ਲਈ ਹੋਰ ਸਮਾਂ ਚਾਹੀਦਾ ਹੈ।